ਮਹਾਨ ਉਸਰਈਆ

ਮਜ਼ਦੂਰਾਂ ਤੇ ਕਿਸਾਨਾਂ ਦੇ ਸੋਵੀਅਟ
ਰਾਜ ਦੇ ਨੇਤਾ ਦਾ ਸੰਖੇਪ ਜੀਵਨ

—ਲੇਖਕ—

ਆਈਵਰ ਮਾਂਟੈਗੂ

ਲਾਹੌਰ
ਪ੍ਰੀਤ ਨਗਰ ਸ਼ਾਪ
੩੦ ਨਿਸਬਤ ਰੋਡ

ਨਵਾਂ ਤੇ ਉਸਾਰੂ ਸਾਹਿਤ

★

১.

੧. ਲੈਨਿਨਿਜ਼ਮ ਦੀਆਂ ਨੀਹਾਂ, ਲੇਖਕ ਸਾਥੀ ਸਟਾਲਿਨ
੨. ਕਿਸਾਨੀ ਮਸਲਾ
੩. ਇਮਪੀਰੀਅਲਿਜ਼ਮ
੪. ਖ਼ੂਨੀ ਜਾਪਾਨ
੫. ਸੁਖੀ ਦੁਨੀਆ
੬. ਬਾਬਾ ਜਵਾਲਾ ਸਿੰਘ
੭. ਹਲ ਤੇ ਦਾਤੀ
੮. ਬੱਚੇ ਮਾਰ ਹਤਿਆਰੇ
੯. ਜ਼ੋਇਆ
੧੦. ਨਫ਼ਰਤ
੧੧. ਸੋਵੀਅਟ ਰੂਸ ਵਿਚ ਕੌਮੀ ਘਟ ਗਿਣਤੀਆਂ
੧੨. ਸੋਵੀਅਟ ਰੂਸ ਵਿਚ ਮਜ਼ਹਬ
੧੩. ,, ,, ,, ਬੱਚੇ
੧੪. ਸੋਵੀਅਟ ਰੂਸ ਦੀ ਲਾਲ ਫ਼ੌਜ
੧੫. ਸੋਵੀਅਟ ਰੂਸ ਦੀਆਂ ਬਹਾਦਰ ਕੁੜੀਆਂ
੧੬. ਕਸੀਨੀਆਂ ਤੇ ਹੋਰ ਰੂਸੀ ਕਹਾਣੀਆਂ
੧੭. ਅੱਖੀਂ ਡਿਠਾ ਰੂਸ (ਇਕਬਾਲ ਸਿੰਘ)
੧੮. ਦੇਸ਼ ਵਾਸਤੇ (ਕਹਾਣੀਆਂ)
੧੯. ਇਕ ਝਾਤ ਸੋਵੀਅਟ ਰੂਸ ਤੇ
੨੦. ਆਪਣਾ ਦੇਸ਼
੨੧. ਇਹ ਮੈਂ ਅੱਖੀਂ ਵੇਖਿਆ (ਐਡਗਰ ਸਨੋ)
੨੨. ਸਟਾਲਿਨ ਦੀ ਆਵਾਜ਼
੨੩. ਸੋਵੀਅਟ ਕਲਚਰ
੨੪. ਸਦੀਵੀ ਲੈਨਿਨਗਰਾਡ ਤੇ ਇਹਦੇ ਅਮਰ ਲੋਕ
੨੫. ਲਾਲ ਧਰਤੀ (ਕਹਾਣੀਆਂ)
੨੬. ਮਹਾਨ ਉਸਰਈਆ
੨੭. ਮੌਤੋਂ ਤਕੜੇ (ਕਹਾਣੀਆਂ)
੨੮. ਸੋਵੀਅਟ ਸਿਸਟਮ
੨੯. ਮਨੁੱਖਤਾ ਦੇ ਵੈਰੀ
੩੦. ਸੋਵੀਅਟ ਦੇ ੨੫ ਸਾਲ

ਪ੍ਰੀਤ ਨਗਰ ਸ਼ਾਪ,
੩੦ ਨਿਸਬਤ ਰੋਡ, ਲਾਹੌਰ

ਕਮਿਊਨਿਸਟ ਕਿਤਾਬ ਘਰ
੧੧੪ ਮੈਕਲੋਡ ਰੋਡ, ਲਾਹੌਰ



ਮਹਾਨ ਉਸਰਈਆ

ਜੋਜ਼ਫ ਸਟਾਲਿਨ

★

੨੧ ਦਸੰਬਰ ੧੯੪੧ ਈਸਵੀ ਨੂੰ ਸਟਾਲਿਨ ਦੀ ੬੨ ਵੀਂ ਵਰ੍ਹੇ ਗੰਢ ਸੀ। ਇਨ੍ਹਾਂ ਇਕਾਠ ਵਰ੍ਹਿਆਂ ਦੇ ਅੰਦਰ ਨਾ ਕੇਵਲ ਇਸ ਦੇ ਆਪਣੇ ਜੀਵਨ ਵਿਚ ਹੀ ਬਹੁਤ ਸਾਰੀਆਂ ਤਬਦੀਲੀਆਂ ਹੋਈਆਂ, ਬਲਕਿ ਰੂਸ ਦੇ ਵੀਹ ਕਰੋੜ ਮਨੁੱਖਾਂ ਦੀ ਜ਼ਿੰਦਗੀ ਨੂੰ ਬਿਲਕੁਲ ਬਦਲ ਦੇਣ ਵਿਚ ਵੀ ਇਸ ਦਾ ਬਹੁਤ ਸਾਰਾ ਹਿਸਾ ਹੈ । ਪਹਿਲਾਂ ਰੂਸ ਵਿਚ ਬਹੁਤ ਸਾਰੀਆਂ ਕੌਮਾਂ ਆਬਾਦ ਸਨ, ਉਨ੍ਹਾਂ ਵਿਚ ਆਪਸ ਦੇ ਝਗੜੇ ਤੇ ਫੁਟ ਹੋਣ ਸਦਕਾ ਉਹ ਇਕ ਦੂਜੇ ਨੂੰ ਜਾਨੋਂ ਮਾਰ ਦੇਣ ਲਈ ਤਿਆਰ ਰਹਿੰਦੀਆਂ ਸਨ – ਪਰ ਅਜ ਸਟਾਲਿਨ ਦੀ ਸਰਦਾਰੀ ਹੇਠਾਂ ਉਹ ਸਾਰੀਆਂ ਕੌਮਾਂ ਇਕੱਠੀਆਂ ਹੋ ਕੇ ਇਕ ਟੱਬਰ ਬਣ ਗਈਆਂ ਹਨ ਤੇ

ਸਾਰੀ ਸਭਿਅਤਾ ਨੂੰ ਨਾਸ ਹੋਣ ਤੋਂ ਬਚਾ ਰਹੀਆਂ ਹਨ। ਜਿਸ ਤੂਫ਼ਾਨ ਅਗੇ ਬੜੀਆਂ ਬਹਾਦਰ ਕੌਮਾਂ ਨਹੀਂ ਠਹਿਰ ਸਕੀਆਂ ਤੇ ਮਿਟੀ ਵਿਚ ਮਿਲ ਗਈਆਂ – ਉਸੇ ਤੂਫ਼ਾਨ ਅਗੇ ਉਹ ਅਜ ਇਕ ਅਟੱਲ ਤੇ ਤਾਕਤਵਰ ਚਟਾਨ ਵਾਂਗ ਬੜੀ ਸ਼ਾਨ ਨਾਲ ਡਟ ਕੇ ਮੁਕਾਬਲਾ ਕਰ ਰਹੇ ਹਨ। ਉਹ ਮਨੁੱਖ ਕਿਹੋ ਜਿਹਾ ਹੈ, ਜਿਸ ਦਾ ਸਦਕਾ ਇਹ ਸਭ ਕੁਝ ਸੰਭਵ ਹੋ ਸਕਿਆ ਹੈ ?

ਸਟਾਲਿਨ ਦਾ ਜਨਮ ਜਾਰਜੀਆ ਦੇ ਗੋਰੀ ਸ਼ਹਿਰ ਵਿਚ ੧੮੭੯ ਵਿਚ ਹੋਇਆ ਸੀ। ਇਕ ਛੋਟੇ ਜਿਹੇ ਘਰ ਵਿਚ – ਜਿਸਦੀਆਂ ਨੀਹਾਂ ਇਟਾਂ ਦੀਆਂ, ਕੰਧਾਂ ਲਕੜੀ ਦੀਆਂ ਤੇ ਛਤ ਤਖ਼ਤਿਆਂ ਦੀ ਸੀ – ਏਸ ਮਹਾਂ ਪੁਰਸ਼ ਦੀ ਪਾਲਣਾ ਹੋਈ।

ਸ਼ਹਿਰ ਦੇ ਕਿਨਾਰੇ, ਮੋਚੀਆਂ ਦੀ ਗਲੀ ਵਿਚ ਇਹ ਘਰ ਸੀ। ਸਟਾਲਿਨ ਦੇ ਇਕ ਬਚਪਨ ਦੇ ਸਾਥੀ ਨੇ ਲਿਖਿਆ ਹੈ, "ਜਿਸ ਕਮਰੇ ਵਿਚ ਇਹ ਪਰਵਾਰ ਰਹਿੰਦਾ ਸੀ, ਉਹ ਕੇਵਲ ਪੰਜ ਗਜ਼ ਮੁਰੱਬਾ ਸੀ, ਅਤੇ ਰਸੋਈ ਵੀ ਉਸੇ ਵਿਚ ਹੀ ਸੀ – ਘਰ ਵਿਚ ਪੌੜੀ ਵੀ ਨਹੀਂ ਸੀ। ਇਸ ਕਮਰੇ ਵਿਚ ਇਕ ਛੋਟੀ ਜਿਹੀ ਮੇਜ਼, ਇਕ ਸਟੂਲ ਤੇ ਇਕ ਵਡਾ ਸਾਰਾ ਪਲੰਘ ਪਿਆ ਸੀ ਬਸ ਇਹ ਸੀ ਇਨ੍ਹਾਂ ਦਾ ਸਾਰਾ ਸਾਮਾਨ।"

ਸਟਾਲਿਨ ਦਾ ਪਿਤਾ ਵਿਸੇਰੀਅਨ ਮੋਚੀ ਦਾ ਕੰਮ ਕਰਦਾ ਸੀ। ਉਹ ਘਰ ਦੇ ਨੇੜੇ ਇਕ ਫ਼ੈਕਟਰੀ ਵਿਚ ਨੌਕਰੀ ਕਰਦਾ ਤੇ ਵਿਹਲੇ ਵਕਤ ਘਰ ਵਿਚ ਜੁੱਤੀਆਂ ਦੀ ਮੁਰੰਮਤ ਕਰਦਾ ਸੀ। ਸਟਾਲਿਨ ਦੀ ਮਾਂ ਕੈਥਿਰਾਈਨ ਨੂੰ ਘਰ ਦਾ ਗੁਜ਼ਾਰਾ ਕਰਨ ਲਈ ਧੋਬਣ ਦਾ ਕੰਮ ਕਰਨਾ ਪੈਂਦਾ। ਕੁਝ ਸਾਲ ਪਹਿਲਾਂ ਜਾਰਜੀਆ ਦੀ ਰਾਜਧਾਨੀ ਤਿਫਲਸ ਵਿਚ ਉਹ ਪੂਰੀ ਹੋ ਗਈ। ਇਕ ਪਰਦੇਸੀ ਨੇ ਲਿਖਿਆ ਹੈ, ਕਿ ਉਹ ਸਤਕਾਰ ਤੇ ਇਜ਼ਤ ਵਾਲੀ ਪੁਰਾਣੇ ਢੰਗ ਦੀ ਪੁਸ਼ਾਕ ਪਾਣ ਵਾਲੀ ਇਕ ਸਾਊ ਇਸਤ੍ਰੀ ਸੀ, ਕਾਲੇ ਰੁਮਾਲ ਨਾਲ ਆਪਣਾ ਸਿਰ ਢਕ ਕੇ ਰਖਦੀ ਸੀ।

ਸਟਾਲਿਨ ਦਾ ਬਚਪਨ

ਸਤ ਸਾਲ ਦੀ ਅਵਸਥਾ ਵਿਚ ਸਟਾਲਿਨ ਨੇ ਜਾਰਜੀ ਤੇ ਹੋਰ ਰੂਸੀ ਜ਼ਬਾਨਾਂ ਪੜ੍ਹਨੀਆਂ ਸ਼ੁਰੂ ਕੀਤੀਆਂ। ਗਰੀਬ ਹੁੰਦਿਆਂ ਹੋਇਆਂ ਵੀ ਉਹਦੇ ਮਾਪਿਆਂ ਨੇ ਗੋਰੀ ਦੇ ਮਜ਼੍ਹਬੀ ਸਕੂਲ ਵਿਚ ਉਹਨੂੰ ਪੜ੍ਹਾਣ ਦਾ ਇੰਤਜ਼ਾਮ ਕਰ ਦਿਤਾ। ਲੈਨਿਨ ਵਾਂਗ ਸਟਾਲਿਨ ਵੀ ਮਿਹਨਤੀ ਸੀ, ਇਸੇ ਕਰ ਕੇ ਇਹ ਸਕੂਲ ਵਿਚੋਂ ਸਭਨਾਂ ਨਾਲੋਂ ਬਹੁਤੇ ਨੰਬਰ ਲੈਂਦਾ। ਇਹ ਸਕੂਲ ਛਡਣ ਤੇ ਉਹਨੂੰ ਇਕ ਸਰਟੀਫ਼ਿਕੇਟ ਵੀ ਮਿਲਿਆ। ੧੮੯੪ ਈਸਵੀ ਵਿਚ ਉਹ ਤਿਫ਼ਲਿਸ ਦੇ ਈਸਾਈ ਸਕੂਲ ਵਿਚ ਦਾਖ਼ਲ ਹੋ ਗਿਆ।

ਧਾਰਮਿਕ ਸਕੂਲ ਵਿਚ ਹੀ ਸਟਾਲਿਨ ਡਾਰਵਿਨ ਤੇ ਮਾਰਕਸ ਦੇ ਇਨਕਲਾਬੀ ਖ਼ਿਆਲਾਂ ਤੋਂ ਜਾਣੂ ਹੋ ਚੁਕਿਆ ਸੀ। ਮਜ਼੍ਹਬੀ ਸਕੂਲ ਵਿਚ ਇਹਨੂੰ ਜ਼ਾਰਸ਼ਾਹੀ ਦੇ ਜ਼ਾਲਮ ਨਜ਼ਾਮ ਦਾ ਤਜਰਬਾ ਹੋਇਆ, ਜਿਹੜਾ ਜਾਸੂਸੀ ਤੇ ਪੁਲਿਸ ਦੀ ਧੱਕੇ ਸ਼ਾਹੀ ਦੇ ਸਿਰ ਚਲਦਾ ਸੀ। ਇਸ ਵਰਤਾਓ ਨੇ ਸਟਾਲਿਨ ਦੇ ਦਿਲ ਵਿਚ ਇਸ ਹਕੂਮਤ ਨੂੰ ਉਲਟ ਪੁਲਟ ਕਰ ਦੇਣ ਦੇ ਬੀ ਬੀਜ ਦਿਤੇ। ਸਟਾਲਿਨ ਲਿਖਦਾ ਹੈ, "ਸਕੂਲ ਦੇ ਇਸ ਅਪਮਾਨ ਭਰੇ ਵਤੀਰੇ ਤੇ ਕੱਟੜ ਧਾਰਮਕ ਤਰੀਕਿਆਂ ਦੇ ਵਿਰੋਧ ਵਿਚ ਮੈਂ ਇਨਕਲਾਬੀ ਬਣਨ ਵਾਸਤੇ ਤਿਆਰ ਹੋ ਗਿਆ ਤੇ ਬਾਅਦ ਵਿਚ ਬਣ ਵੀ ਗਿਆ।"

ਪੰਦਰਵੇਂ ਵਰ੍ਹੇ ਵਿਚ ਸਟਾਲਿਨ ਦਾ ਸਬੰਧ ਟਰਾਂਸਕਾਕੇਸ਼ੀਆ ਦੇ ਕਈ ਗੁਪਤ ਮਾਰਕਸਵਾਦੀ ਦਲਾਂ ਨਾਲ ਹੋ ਗਿਆ। ਉਹ ਇਕ ਤੁਰਦੀ ਫਿਰਦੀ ਲਾਇਬਰੇਰੀ ਦਾ ਮੈਂਬਰ ਬਣ ਗਿਆ, ਹਾਲਾਂ ਕਿ ਸਕੂਲ ਵਿਚ ਇਹਨਾਂ ਕਿਤਾਬਾਂ ਦੇ ਪੜ੍ਹਨ ਦੀ ਮਨਾਹੀ ਸੀ। ਇਤਿਹਾਸ ਤੇ ਦੁਨੀਆ ਦਾ ਸਾਹਿਤ, ਜਿਸ ਵਿਕ ਸ਼ੇਕਸਪੀਅਰ ਦੀਆਂ ਰਚਨਾਆਂ ਵੀ ਸ਼ਾਮਲ ਸਨ, ਇਸ ਨੇ ਸਭ ਪੜ੍ਹ ਲਿਆ। ਵਿਦਿਆਰਥੀਆਂ ਨੇ ਇਕ ਇਕ ਪੈਸਾ ਇਕੱਠਾ ਕਰ ਕੇ ਮਾਰਕਸ ਦੀ ਸੰਸਾਰ ਪ੍ਰਸਿਧ "ਕੈਪੀਟਲ" (ਸਰਮਾਇਆ)

ਜਿਹੜੀ ਕਿ ਹਥ ਦੀ ਲਿਖੀ ਹੋਈ ਸੀ, ਉਹ ਵੀ ਪ੍ਰਾਪਤ ਕਰ ਲਈ।

ਇਸ ਵੇਲੇ ਸਟਾਲਿਨ ਕਵਿਤਾ ਵੀ ਲਿਖ ਸਕਦਾ ਸੀ ਅਤੇ ਉਹਦੀਆਂ ਕਈ ਕਵਿਤਾਆਂ ਸਾਹਿਤਕ ਅਖ਼ਬਾਰਾਂ ਅਤੇ ਰਸਾਲਿਆਂ ਵਿਚ ਵੀ ਛਪੀਆਂ। ਉਹ ਜਮਾਤ ਵਿਚ ਮਿਲ ਕੇ ਗਾਂਦਾ ਵੀ ਬੜਾ ਸੁਹਣਾ ਸੀ। ਗੋਲ ਗੋਲ ਚਿਹਰਾ, ਕਾਲੀਆਂ ਅਖਾਂ, ਸੰਘਣੇ ਤੇ ਚਮਕੀਲੇ ਵਾਲਾਂ ਵਾਲਾ ਸਟਾਲਿਨ ਇਸ ਵੇਲੇ ਆਪਣੇ ਸਾਥੀਆਂ ਵਿਚ ਹਰਮਨ ਪਿਆਰਾ ਸੀ। ਇਹਦੇ ਜਮਾਤੀਆਂ ਨੇ ਸਟਾਲਿਨ ਦੇ ਬਾਰੇ ਆਪਣੀ ਯਾਦਾਸ਼ਤ ਵਿਚ ਇਹ ਫ਼ਿਕਰੇ ਨੋਟ ਕੀਤੇ ਹਨ: "ਵਸ਼ਿਸ਼ਟ ਬੁਧੀ, ਸਾਫ਼ ਦਿਮਾਗ਼, ਠੀਕ ਗਲ ਕਹਿਣ ਵਾਲਾ, ਸੁਹਣਾ ਚਾਲ-ਚਲਨ, ਪੁਲੀਟੀਕਲ ਹਾਲਾਤ ਦਾ ਜਾਣੂ।" ਓਸ ਨੇ ਫ਼ਿਲਸਫ਼ੇ ਤੇ ਸਾਇੰਸ ਦਾ ਮੁਤਾਲਿਆ ਕਰਨ ਲਈ ੧੮੯੬ ਨੂੰ ਸਕੂਲ ਵਿਚ ਇਕ ਮਾਰਕਸਵਾਦੀ ਜਮਾਇਤ ਕਾਇਮ ਕੀਤੀ।

੧੮੯੮ ਵਿਚ ਵਿਦਿਆਰਥੀਆਂ ਨੇ ਖ਼ੁਫ਼ੀਆ ਤੌਰ ਤੇ ਆਪਣਾ ਰਸਾਲਾ ਸ਼ੁਰੂ ਕੀਤਾ। ਏਸੇ ਸਾਲ ਸਟਾਲਿਨ ਨੂੰ ਪਹਿਲੀ ਬਾਰ ਲੈਨਿਨ – ਜਿਹੜਾ ਕਿ ਇਸ ਸਮੇਂ ਬਹੁਤ ਦੂਰ ਸੇਂਟ ਪੀਟਰਸ ਬਰਗ, ਜਿਹਨੂੰ ਅਜ ਲੈਨਿਨਗ੍ਰਾਡ ਆਖਿਆ ਜਾਂਦਾ ਹੈ, ਵਿਚ ਸੀ – ਇਕ ਲੇਖ ਪੜ੍ਹਨ ਦਾ ਮੌਕਾ ਮਿਲਿਆ। ਇਸੇ ਤਰ੍ਹਾਂ ਸੋਵੀਅਟ ਦੇ ਦੋ ਮਹਾਂ ਪੁਰਸ਼ਾਂ ਵਿਚ, ਜਿਹੜੇ ਅਜੇ ਤੀਕ ਇਕ ਦੂਜੇ ਨੂੰ ਜਾਣਦੇ ਵੀ ਨਹੀਂ ਸਨ – ਇਕ ਅਜੇਹਾ ਮਿਲਾਪ ਹੋਇਆ, ਜਿਸ ਨੇ ਅਗੇ ਚਲ ਕੇ ਦੁਨੀਆਂ ਦੇ ਛੇਵੇਂ ਹਿਸੇ ਦੀ ਕਾਇਆਂ ਪਲਟ ਦਿਤੀ। ਓਸੇ ਵੇਲੇ ਤੋਂ ਸਟਾਲਿਨ ਨੇ ਲੈਨਿਨ ਦੇ ਖ਼ਿਆਲਾਂ ਨੂੰ ਆਪਣੇ ਤੇ ਘਟਾਇਆ ਤੇ ਉਹਨਾਂ ਦਾ ਵਿਕਾਸ ਕਰਨਾ ਸ਼ੁਰੂ ਕੀਤਾ। ਜਵਾਨੀ ਵਿਚ ਉਸ ਨੇ ਟ੍ਰਾਂਸ ਕਾਕੇਸ਼ੀਆ ਦੀ ਜਮਾਤ ਦੇ ਅੰਦਰ ਰਹਿਕੇ ਅਤੇ ਪਿਛੋਂ ਸਾਰੇ ਮੁਲਕ ਦੇ ਮਜ਼ਦੂਰ ਅੰਦੋਲਨਾਂ ਵਿਚ ਲੈਨਿਨਵਾਦ ਦੇ ਸਿਧਾਂਤਾਂ ਦਾ ਪਰਚਾਰ ਕੀਤਾ।

ਇਨਕਲਾਬੀ ਜੱਦੋ ਜਹਿਦ ਵਿਚ ਸ਼ਰੀਕ ਹੋਣਾ

ਤੁਰਦੀ ਫਿਰਦੀ ਲਾਇਬਰੇਰੀ ਵਿਚ ਸ਼ਾਮਲ ਹੋਣ ਕਰ ਕੇ ਤੇ ਵਿਕਟਰ ਹਿਊਗੋ ਦੀਆਂ ਰਚਨਾਆਂ ਪੜ੍ਹਨ ਸਦਕਾ ਸਟਾਲਿਨ ਨੂੰ ਕਈ ਵਾਰੀ ਸਕੂਲ ਵਿਚ ਸਜ਼ਾ ਵੀ ਮਿਲ ਚੁਕੀ ਈ। ੧੮੯੮ ਵਿਚ ਉਹਨੂੰ "ਰਾਜਸੀ ਤੌਰ ਤੇ ਖ਼ਤਰਨਾਕ" ਕਹਿਕੇ ਸਕੂਲ ਤੋਂ ਖ਼ਾਰਜ ਕੀਤਾ ਗਿਆ, ਤਦ ਤੋਂ ਉਹ ਇਕ ਪੇਸ਼ਾਵਰ ਇਨਕਿਲਾਬੀ ਬਣ ਗਿਆ।

ਇਸ ਵੇਲੇ ਟ੍ਰਾਂਸ ਕਾਕੇਸ਼ੀਆ ਵਿਚ ਬੜੀ ਤੇਜ਼ੀ ਨਾਲ ਭਾਰੀਆਂ ਤਬਦੀਲੀਆਂ ਹੋ ਰਹੀਆਂ ਸਨ। ੧੮੯੫ ਤੀਕ, ਸਿਰਫ਼ ੩੦ ਸਾਲਾਂ ਵਿਚ ਉਥੋਂ ਦੀ ਆਬਾਦੀ ਤਿੰਨ ਗੁਣਾਂ ਹੋ ਗਈ। ਵਡੇ ਵਡੇ ਕਾਰਖ਼ਾਨੇ, ਜਿਨ੍ਹਾਂ ਵਿਚ ਬਾਕੂ ਦੇ ਤੇਲ ਦੇ ਚਸ਼ਮੇ ਵੀ ਖ਼ਾਸ ਵਿਸ਼ੇਸ਼ਤਾ ਰਖਦੇ ਹਨ, ਖੁਲ੍ਹ ਗਏ। ਇਨ੍ਹਾਂ ਵਿਚ ਸਾਰੀ ਬਦੇਸ਼ੀ ਪੂੰਜੀ ਲਗੀ ਹੋਈ ਸੀ, ਇਨ੍ਹਾਂ ਕਾਰਖਾਨਿਆਂ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਦੀ ਹਾਲਤ ਬੜੀ ਭੈੜੀ ਸੀ, ਉਹਨਾਂ ਨੂੰ ਰੋਜ਼ਾਨਾ ਚੌਦਾਂ ਘੰਟੇ ਕੰਮ ਕਰਨਾ ਪੈਂਦਾ ਸੀ, ਇਸ ਦੇ ਨਾਲ ਹੀ ਪਿੰਡਾਂ ਵਿਚ ਜਾਗੀਰਦਾਰੀ ਪਰਬੰਧ ਤੇ ਪੁਰਾਣੇ ਸਮੇਂ ਦਾ ਨਜ਼ਾਮ ਵੀ ਕਾਇਮ ਸੀ।

ਉਸ ਸਮੇਂ ਮੁਲਕ ਵਿਚ ਹਰੇਕ ਤਰ੍ਹਾਂ ਦੀਆਂ ਰਾਜਸੀ ਜਮਾਤਾਂ ਮੌਜੂਦ ਸਨ, ਜਿਹਾ ਕਿ ਜਾਗੀਰਦਾਰਾਂ ਦੀ ਰੋਮਾਂਟਕ ਤਰਜ਼ ਦੀ ਕੌਮੀਅਤ ਪਸੰਦੀ, ਸਰਮਾਏਦਾਰਾਂ ਦੀ ਲਿਬਰਲ ਤਰਜ਼ ਦੀ ਤਰੱਕੀ ਪਸੰਦ ਤਹਿਰੀਕ, ਅਤੇ ਮਜ਼ਦੂਰਾਂ ਦੀ ਸੋਸ਼ਲਿਸਟ ਲਹਿਰ ਆਦਿ। ਸਟਾਲਿਨ ਮਾਰਕਸ ਵਾਦੀ (ਸੋਸ਼ਲਿਸਟ) ਦਲ ਵਿਚ ਸ਼ਾਮਲ ਹੋ ਗਿਆ, ਪਰ ਉਹਦਾ ਲੀਡਰਾਂ ਨਾਲ ਛੇਤੀ ਹੀ ਵਿਰੋਧ ਹੋ ਗਿਆ। ਇਸ ਵੇਲੇ ਲੈਲਿਨ ਨੇ "ਮਜ਼ਦੂਰ ਤਬਕੇ ਦੀ ਆਜ਼ਾਦੀ ਦੀ ਜੱਦੋ ਜਹਿਦ ਲਈ" ਲੀਗ ਕਾਇਮ ਕਰ ਲਈ। ਸਟਾਲਿਨ ਤੇ ਏਸ ਲੀਗ ਦਾ ਬੜਾ ਅਸਰ ਹੋਇਆ। ਏਸ ਤੋਂ ਪ੍ਰਭਾਵਿਤ ਹੋ ਕੇ ਸਟਾਲਿਨ ਨੇ ਪੁਲਸ ਦੀਆਂ

ਪਾਬੰਦੀਆਂ ਦੇ ਬਾਵਜੂਦ ਵੀ ਅਖਬਾਰ ਕੱਢਣ ਅਤੇ ਜਨਤਕ ਸੰਗਰਾਮ ਤੇ ਜ਼ੋਰ ਦੇਣਾ ਸ਼ੁਰੂ ਕੀਤਾ।

੧੮੯੮ ਨੂੰ ਤਿਫਲਿਸ ਵਿਚ ਹੋਰ ਥਾਵਾਂ ਤੇ ਹੜਤਾਲਾਂ ਹੋਈਆਂ, ਜਿਨ੍ਹਾਂ ਵਿਚ ਸਟਾਲਿਨ ਨੇ ਵੀ ਹਿੱਸਾ ਲਿਆ। ੧੮੯੮ ਵਿਚ ਟ੍ਰਾਂਸ ਕਾਕੇਸ਼ੀਆ ਵਿਚ ਮਈ ਦਿਨ ਪਹਿਲੀ ਵਾਰ ਮਨਾਇਆ। ੧੯੦੦ ਈਸਵੀ ਦੇ ਮਈ ਦਿਨ ਤੇ ੫੦੦ ਆਦਮੀ ਜਲੂਸ ਵਿਚ ਸ਼ਾਮਲ ਹੋਏ। ੧੯੦੧ ਵਿਚ ੨੦੦੦ ਆਦਮੀਆਂ ਦੇ ਜਲੂਸ ਤੇ ਪੁਲਸ ਨੇ ਹਮਲਾ ਕੀਤਾ। ਸਟਾਲਿਨ ਆਪਣੇ ਜੀਵਨ ਨਿਰਬਾਹ ਲਈ ਨਾਲ ਦੇ ਇਕ ਗੁਆਂਢੀ ਫ਼ਾਰਮ ਦੀ ਦੇਖ ਭਾਲ ਕਰ ਰਿਹਾ ਸੀ। ਪੁਲਸ ਉਹਦੀ ਭਾਲ ਵਿਚ ਸੀ, ਇਸ ਲਈ ਉਹਨੂੰ ਹੁਣ ਮਜਬੂਰ ਹੋ ਕੇ ਇਕ ਸਾਥੀ ਸਣੇ ਲੁਕਣਾ ਪਿਆ। ਇਸੇ ਸਾਲ "ਤਿਫ਼ਲਿਸ ਸੋਸ਼ਲ ਡੈਮੋਕਰੇਟਿਕ ਪਾਰਟੀ" ਦੀ ਕਾਨਫਰੰਸ ਹੋਈ, ਜਿਸ ਵਿਚ ਉਹ ਪ੍ਰਧਾਨ ਚੁਣਿਆਂ ਗਿਆ। ਕਮੇਟੀ ਨੇ ਸਟਾਲਿਨ ਨੂੰ "ਬਾਤੂਮ" ਭੇਜਣ ਦਾ ਫੈਸਲਾ ਕੀਤਾ, ਕਿਉਂਕਿ ਓਥੇ ਰਾਥ ਚਾਈਲਡ, ਮਾਂਤਾ ਸ਼ੇਫ ਆਦਿ ਦੇ ਵਡੇ ਵਡੇ ਕਾਰਖ਼ਾਨੇ ਸਨ। ਪੁਲਸ ਦੀ ਨਿਗਰਾਨੀ ਏਨੀ ਸਖ਼ਤ ਸੀ, ਕਿ ਪੁਰਾਣੇ ਸੋਸ਼ਲ ਡੇਮੋਕਰੇਟ ਆਗੂਆਂ ਲਈ ਵੀ ਮਜ਼ਦੂਰ ਤਹਿਰੀਕਾਂ ਨੂੰ ਕੱਠੀਆਂ ਕਰ ਸਕਣਾ ਅਸੰਭਵ ਸੀ। ੧੯੦੨ ਵਿਚ ਲਗ ਪਗ ਕਾਰਖ਼ਾਨਿਆਂ ਦੇ ਸਭ ਮਜ਼ਦੂਰਾਂ ਦਾ ਮਿਲਾਪ ਕਰ ਲਿਆ ਗਿਆ ਤੇ ਉਹਨਾਂ ਨੇ ਆਪਣੀ ਅਸਹਿ ਅਵਸਥਾ ਦੇ ਖ਼ਿਲਾਫ਼ ਹੜਤਾਲ ਵੀ ਕੀਤੀ।

ਪਹਿਲੀ ਗ੍ਰਿਫ਼ਤਾਰੀ

ਇਕ ਵਿਸ਼ਾਲ ਜਲੂਸ ਤੇ ਪੁਲਿਸ ਨੇ ਜੀ ਖੋਲ੍ਹ ਕੇ ਗੋਲੀ ਚਲਾਈ। ਸਟਾਲਿਨ ਆਪਣੇ ਸੌਣ ਵਾਲੇ ਕਮਰੇ ਵਿਚ ਇਕ ਕਾਨੂੰਨ-ਵਿਰੁਧ ਪ੍ਰੈਸ

---

*ਇਸ ਪਾਰਟੀ ਵਿਚ ਉਸ ਵੇਲੇ ਬਾਲਸ਼ਵਿਕ (ਕਮਿਊਨਿਸਟ) ਅਤੇ ਸੁਧਾਰਕ ਸੋਸ਼ਲਿਸਟ ਦੋਵੇਂ ਹੀ ਸ਼ਾਮਲ ਸਨ।

ਚਲਾ ਰਿਹਾ ਸੀ, ਉਹ ਵੀ ਗ੍ਰਿਫ਼ਤਾਰ ਕਰ ਲਿਆ ਗਿਆ, ਤੇ ੧੯੦੩ ਵਿਚ ਸਾਇਬੇਰੀਆ ਦੇ ਬਰਫ਼ਸਤਾਨ ਵਿਚ ਨਜ਼ਰਬੰਦ ਕਰ ਦਿਤਾ ਗਿਆ।

ਏਥੋਂ ਹੀ ਸਟਾਲਿਨ ਦੀ ਗ੍ਰਿਫ਼ਤਾਰੀ ਅਤੇ ਉਹਦੇ ਜਿਹਲ ਤੋਂ ਨੱਠਣ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ। ਹੇਠ ਲਿਖੀਆਂ ਘਟਨਾਆਂ ਦਿਲਚਸਪੀ ਤੋਂ ਖ਼ਾਲੀ ਨਹੀਂ ਹਨ :

(੧) ੧੯੦੨ ਅਪਰੈਲ ਵਿਚ ਬਾਤੂਮ ਵਿਚ ਗ੍ਰਿਫ਼ਤਾਰ ਹੋਇਆ, ਬਾਅਦ ਵਿਚ ਕੁਤਾਇਸਕ ਦੀਆਂ ਜਿਹਲਾਂ ਵਿਚ ਡਕਿਆ ਰਿਹਾ, ੧੯੦੩ ਨਵੰਬਰ ਨੂੰ ਪੂਰਬੀ ਸਾਇਬੇਰੀਆ ਵਿਚ ਤਿੰਨ ਸਾਲ ਨਜ਼ਰਬੰਦ ਤੇ ਫੇਰ ੧੯੦੪ ਜਨਵਰੀ ਵਿਚ ਉਥੋਂ ਫ਼ਰਾਰ।

(੨) ੧੯੦੮ ਮਾਰਚ ਨੂੰ ਬਾਕੂ ਵਿਚ ਫੜਿਆ ਗਿਆ, ਬੇਲੋਫ਼ ਜਿਹਲ ਵਿਚ ਕੈਦ ਰਿਹਾ, ਵੋਲੋਗਦਾ ਸੂਬੇ ਵਿਚ ਦੋ ਸਾਲ ਲਈ ਨਜ਼ਰਬੰਦ ਤੇ ੧੯੦੯ ਦੀ ਜੂਨ ਵਿਚ ਮੁੜ ਭਜ ਜਾਣਾ।

(੩) ੧੯੧੦ ਮਾਰਚ ਨੂੰ ਬਾਕੂ ਵਿਚ ਗ੍ਰਿਫ਼ਤਾਰ, ਫੇਰ ਨਜ਼ਰਬੰਦ ਤੇ ਜੁਲਾਈ ੧੯੧੧ ਵਿਚ ਫਿਰ ਲਾ-ਪਤਾ।

(੪) ੧੯੧੧ ਸਤੰਬਰ ਨੂੰ ਸੇਂਟ ਪੀਟਰਸ ਬਰਗ ਵਿਚ ਗ੍ਰਿਫ਼ਤਾਰ ਦਸੰਬਰ ਵਿਚ ਨਜ਼ਰਬੰਦ, ਤੇ ਮੁੜ ਜੁਲਾਈ ਵਿਚ ਉਡੰਤਰ।

(੫) ੧੯੪੧ ਅਪਰੈਲ ਨੂੰ ਸੇਂਟ ਪੀਟਰਸ ਬਰਗ ਵਿਚ ਗ੍ਰਿਫ਼ਤਾਰੀ, ਚਾਰ ਸਾਲ ਲਈ ਉੱਤਰੀ ਸਾਇਬੇਰੀਆ ਵਿਚ ਨਜ਼ਰਬੰਦੀ ਤੇ ਉਸੇ ਸਾਲ ਦੀਆਂ ਗਰਮੀਆਂ ਵਿਚ ਹੀ ਮੁੜ ਗ਼ਾਇਬ।

(੬) ੧੯੧੩ ਅਪਰੈਲ ਨੂੰ ਸੇਂਟ ਪੀਟਰਸ ਬਰਗ ਵਿਚ ਗ੍ਰਿਫ਼ਤਾਰ, ਜੂਨ ਵਿਚ ਕੁਲੀਕਾ ਸੂਬੇ ਵਿਚ ਨਜ਼ਰਬੰਦ, ੧੯੧੬ ਵਿਚ ਆਂਚਿਸਕ ਭੇਜਿਆ ਗਿਆ। ਫੇਰ ਫ਼ਰਵਰੀ ੧੯੧੭ ਵਿਚ ਇਨਕਿਲਾਬ ਤੋਂ ਪਿਛੋਂ ਵਾਪਸ ਆਇਆ।

ਏਸ ਤਰ੍ਹਾਂ ਸਟਾਲਿਨ ਛੇ ਵਾਰ ਗ੍ਰਿਫ਼ਤਾਰ ਹੋਇਆ ਤੇ ਪੰਜ ਵਾਰ ਭਜ ਨਿਕਲਿਆ। ੧੯੦੧ ਤੋਂ ੧੯੧੭ ਤੀਕ ੧੬ ਸਾਲਾਂ ਦੇ ਗੁਪਤ

ਜੀਵਨ ਵਿਚ ੯ ਵਰ੍ਹੇ ਜਿਹਲ ਤੇ ਨਜ਼ਰਬੰਦੀ ਵਿਚ ਕਟੇ। ਭਾਵੇਂ ਉਹ ਬਾਹਰ ਹੋਵੇ ਜਾਂ ਜਿਹਲ ਅੰਦਰ, ਉਹ ਹਮੇਸ਼ਾ ਕੰਮ ਵਿਚ ਲੱਗਾ ਰਹਿੰਦਾ ਸੀ। ਨੌਜਵਾਨ ਸਟਾਲਿਨ ਇਸ ਵੇਲੇ ਇਨਕਿਲਾਬ ਰੂਸ ਦੀ ਨਿਹਾਇਤ ਮਹਾਨ ਸ਼ਖ਼ਸੀਅਤ ਬਣ ਚੁਕਿਆ ਸੀ। ਇਹਦੀ ਸ਼ਕਲ ਸੂਰਤ ਬੜੀ ਰੋਹਬ-ਭਰੀ ਸੀ, ਸਰੀਰ ਆਪਣੀ ਪਕਿਆਈ ਤੇ ਪੁਜ ਰਿਹਾ ਸੀ, ਗੋਲ ਗੋਲ ਚਿਹਰੇ ਤੇ ਮੁੱਛ ਫੁਟ ਰਹੀ ਸੀ, ਇਹਦੇ ਵਾਲ ਹੁਣ ਵੀ ਸੰਘਣੇ ਤੇ ਕਾਲੇ ਸਨ ਤੇ ਅੱਖਾਂ ਵਿਚ ਚਮਕ ਸੀ। ਲੋਕ ਸਟਾਲਿਨ ਨੂੰ ਹੋਰ ਨਾਮਾਂ ਤੋਂ ਵੀ ਜਾਣਦੇ ਸਨ, ਜਿਹਾ ਕਿ ਸੋਸੋ, ਕੋਬਾ, ਡੇਵਿਡ ਆਦਿ, ਇਹ ਨਾਂ ਇਸ ਨੇ ਆਪਣੇ ਗੁਪਤ ਸਮੇਂ ਵਿਚ ਰਖੇ ਹੋਏ ਸਨ। ਵਾਪਸ ਹੋਣ ਤੇ ਉਹ ਤਿਫ਼ਲਿਸ ਤੇ ਖ਼ਾਸ ਕਰ ਬਾਕੂ ਦੇ ਮਜ਼ਦੂਰਾਂ ਵਿਚ ਕੰਮ ਕਰਦਾ ਸੀ।

ਕਾਰਖ਼ਾਨਿਆਂ ਵਿਚ ਮਜ਼ਦੂਰਾਂ ਨੂੰ ਇਕੱਠਿਆਂ ਕਰਨਾ, ਗੁਪਤ ਪ੍ਰੈਸ ਦਾ ਇੰਤਜ਼ਾਮ, ਜਾਲੀ ਪਾਸ ਪੋਰਟ ਤੇ ਜ਼ਾਰ ਸ਼ਾਹੀ ਪੁਲਸ ਦੇ ਤਸ਼ੱਦਦ ਤੋਂ ਬਚਾਅ ਕਰਨ ਲਈ ਮਜ਼ਦੂਰਾਂ ਨੂੰ ਆਪਾ ਰਖਿਆ ਦਸਤਿਆਂ ਵਿਚ ਇਕੱਠਾ ਕਰਨਾ – ਇਹ ਉਹਦੇ ਮੁਖ-ਕੰਮ ਹੁੰਦੇ ਸਨ।

੧੯੦੫ ਦਾ ਪਹਿਲਾ ਇਨਕਿਲਾਬ

ਇਸ ਦੀ ਉਮਰ ਦੇ ਇਹ ਸੋਲਾਂ ਸਾਲ ਪੁਲਸ ਦੀ ਕਾਇਮ ਕੀਤੀ ਹੋਈ "ਕਾਨੂੰਨੀ" ਯੂਨੀਅਨ ਦੇ ਖ਼ਿਲਾਫ਼ ਜੱਦੋ ਜਹਿਦ, ਮਜ਼ਦੂਰਾਂ ਦੀ ਸੱਚੀ ਇਨਕਲਾਬੀ ਯੂਨੀਅਨ ਦੀ ਜਥੇਬੰਦੀ, ਮਜ਼ਦੂਰ ਤਹਿਰੀਕ ਦੀ ਅਗਵਾਈ, ਅਨਾਰਕਿਸਟ,ਸਰਮਾਇਆ ਪ੍ਰਸਤ ਅਤੇ ਮਿਨਸ਼ਵਿਕ ਮਜ਼ਦੂਰ ਆਗੂਆਂ ਦੇ ਖ਼ਿਲਾਫ਼, ਜਿਹੜੇ ਲੈਨਿਨ ਤੇ ਸਟਾਲਿਨ ਪਾਲਿਸੀ ਦੇ ਵਿਰੋਧੀ ਸਨ, ਜੱਦੋ ਜਹਿਦ ਵਿਚ ਬੀਤੇ।

ਪੁਲਸ ਦੇ ਤਸ਼ੱਦਦ ਦੀ ਵੀ ਕੋਈ ਹਦ ਨਹੀਂ ਸੀ। ਸਟਾਲਿਨ ਦੇ ਬਹੁਤ ਸਾਰੇ ਸਾਥੀ ਗ੍ਰਿਫ਼ਤਾਰੀ ਤੋਂ ਬਾਅਦ ਜਿਹਲਾਂ ਦੇ ਅੰਦਰ ਹੀ

ਮਾਰ ਦਿਤੇ ਗਏ, ਅਤੇ ਕਈਆਂ ਨੂੰ ਏਨਾਂ ਮਾਰਿਆ ਗਿਆ, ਕਿ ਉਹ ਮੁੜ ਆਪਣਾ ਜੀਵਨ ਚੰਗੀ ਤਰ੍ਹਾਂ ਨਾ ਜੀ ਸਕੇ। ਸਟਾਲਿਨ ਨੂੰ ਵੀ ਇਕ ਵਾਰ ਜਿਹਲ ਵਿਚ ਕੋਰੜੇ ਖਾਣੇ ਪਏ। ਰਾਜਸੀ ਕੈਦੀਆਂ ਨੂੰ ਮਾਰਨ ਲਈ ਦੋ ਕਤਾਰਾਂ ਵਿਚ ਸਿਪਾਹੀ ਖੜੇ ਹੁੰਦੇ ਸਨ, ਕੈਦੀ ਨੂੰ ਉਹਨਾਂ ਵਿਚੋਂ ਲੰਘਣਾ ਪੈਂਦਾ ਸੀ, ਤੇ ਹਰੇਕ ਸਿਪਾਹੀ ਉਹਦੇ ਤੇ ਵਾਰ ਕਰਦਾ। ਸਟਾਲਿਨ ਬੜੀ ਦ੍ਰਿੜਤਾ ਨਾਲ ਬਿਨਾਂ ਆਪਣੀ ਚਾਲ ਨੂੰ ਤੇਜ਼ ਕੀਤਿਆਂ ਏਸ ਔਖੀ ਮਾਰ ਨੂੰ ਆਪਣੇ ਪਿੰਡੇ ਤੇ ਸਹਾਰਦਾ ਹੋਇਆ ਕਤਾਰ ਵਿਚੋਂ ਲੰਘ ਗਿਆ।

ਕੈਦ ਹੋਣ ਤੇ ਵੀ ਉਹਦਾ ਸੰਬੰਧ ਬਾਹਰ ਦੀਆਂ ਇਨਕਲਾਬੀ ਲਹਿਰਾਂ ਨਾਲ ਹਮੇਸ਼ਾ ਬਣਿਆ ਰਿਹਾ, ਉਹ ਜਿਹਲ ਵਿਚ ਹੀ ਮੁਤਾਲਿਆ ਦਾ ਘੇਰਾ ਬਣਾ ਲੈਂਦਾ ਸੀ। ਕੈਦ ਦੇ ਸਮੇਂ ਹੀ ੧੯੦੩ ਵਿਚ ਲੈਨਿਨ ਤੇ ਸਟਾਲਿਨ ਵਿਚ ਪਹਿਲੀ ਵੇਰ ਚਿੱਠੀ ਪੱਤਰ ਹੋਈ। ਕੈਦਖ਼ਾਨੇ ਦੀ ਜ਼ਿੰਦਗੀ ਅਜੇਹੀ ਕਠੋਰ ਹੁੰਦੀ ਹੈ, ਕਿ ਜਾਂ ਤਾਂ ਆਦਮੀ ਉਸ ਵਿਚ ਮਰ ਜਾਂਦਾ ਹੈ, ਤੇ ਜਾਂ ਫੌਲਾਦ ਵਾਂਗ ਮਜ਼ਬੂਤ ਹੋ ਜਾਂਦਾ ਹੈ। ਨਜ਼ਰਬੰਦੀ ਦੇ ਸਮੇਂ ਸਟਾਲਿਨ ਨੂੰ ਇਕ ਵਾਰ ਬਰਫਾਨੀ ਹਵਾ ਲਗ ਗਈ, ਵਿਚਾਰਾ ਡਿਗਦਾ ਢਹਿੰਦਾ ਬੜੀ ਮੁਸ਼ਕਲ ਨਾਲ ਕਿਸੇ ਤਰ੍ਹਾਂ ਆਪਣੀ ਝੁਗੀ ਵਿਚ ਪੁਜਿਆ ਤੇ ਲਗਾਤਾਰ ਸੋਲਾਂ ਘੰਟੇ ਤੀਕ ਬੇਹੋਸ਼ ਪਿਆ ਰਿਹਾ। ਪਰ ਏਸ ਬਿਪਤਾ ਦਾ ਇਕ ਸੋਹਣਾ ਸਿਟਾ ਨਿਕਲਿਆ।

ਗੁਪਤ ਜੀਵਨ ਵਿਚ ਉਹ ਕਈ ਵਾਰ ਬਾਹਰਲੇ ਮੁਲਕਾਂ ਦੀ ਸੈਰ ਵੀ ਕਰ ਆਉਂਦਾ ਸੀ। ੧੯੦੫ ਵਿਚ ਉਹ ਇਕ ਪ੍ਰਤਿਨਿਧ ਦੇ ਤੌਰ ਤੇ ਟੈਮਰ ਫ਼ੋਰਸ਼ ਵਿਚ ਫ਼ਿਨਲੈਂਡ ਦੀ ਚੌਥੀ ਬਾਲਸ਼ਵਿਕ ਕਾਨਫ਼ਰੰਸ ਤੇ ਪੁਜਾ। ੧੯੦੬ ਵਿਚ ਸਟਾਕ ਹਾਲਮ ਦੀ ਚੌਥੀ ਬਾਲਸ਼ਵਿਕ ਕਾਂਗਰਸ ਵਿਚ ਗਿਆ। ੧੯੦੬ ਵਿਚ ਬਰਲਿਨ ਗਿਆ ਤੇ ਉਥੋਂ ਹੀ ਪਾਰਟੀ ਦੀ ਪੰਜਵੀਂ ਕਾਂਗਰਸ ਵਿਚ ਗਿਆ। ੧੯੧੨ ਵਿਚ ਸ਼ਾਮਲ ਹੋਣ ਲਈ ਲੰਦਨ ਗਿਆ। ੧੯੧੨ ਵਿਚ ਲੈਨਿਨ

ਨਾਲ ਵਿਚਾਰ ਕਰਨ ਲਈ ਦੁਬਾਰਾ ਕੇਂਦਰੀ ਯੂਰਪ ਵਿਚ ਸਫ਼ਰ ਕੀਤਾ।

ਲੈਨਿਨ ਨਾਲ ਪਹਿਲੀ ਮੁਲਾਕਾਤ

ਪਹਿਲੇ ਪਹਿਲ ਲੈਨਿਨ ਨਾਲ ਸਟਾਲਿਨ ਦੀ ਮੁਲਾਕਾਤ ਟੈਮਰ ਫੋਰਸ ਵਿਚ ਹੋਈ। ਲੈਨਿਨ ਨੇ ਝਟ ਸਟਾਲਿਨ ਦੀ ਬੀਰਤਾ ਨੂੰ ਪਰਖ ਲਿਆ। ਲੈਨਿਨ ਨੇ ਗੋਰਕੀ ਨੂੰ ਇਕ ਚਿਠੀ ਵਿਚ ਸਟਾਲਿਨ ਬਾਰੇ ਲਿਖਿਆ : "ਇਕ ਅਦਭੁਤ ਜਾਰਜੀ।" ਇਸ ਤੋਂ ਬਾਅਦ ਪਾਰਟੀ ਦੀ ਅੰਦਰਲੀ ਰਾਜਸੀ ਕਸ਼-ਮਕਸ਼ ਵਿਚ ਲੈਨਿਨ ਹਮੇਸ਼ਾ ਇਕ ਸਿਧਾ ਰਾਹ ਕਢ ਲੈਂਦਾ। ਸਟਾਲਿਨ ਵੀ ਹਮੇਸ਼ਾ ਲੈਨਿਨ ਦੇ ਰਸਤੇ ਤੇ ਹੀ ਚਲਦਾ ਸੀ। ਇਸ ਦਾ ਮਤਲਬ ਇਹ ਨਹੀਂ, ਕਿ ਉਹ ਪਿਛਲਗੂ ਸੀ।

ਮਾਰਕਸ ਤੋਂ ਪਿਛੋਂ ਜ਼ਮਾਨੇ ਦੀ ਸਮਾਜਕ ਜ਼ਿੰਦਗੀ ਦੀ ਤਸ਼ਰੀਹ ਅਤੇ ਇਸ ਤਸ਼ਰੀਹ ਦੀ ਬੁਨਿਆਦ ਤੇ ਅਮਲ ਕਰਨ ਦਾ ਨਾ ਹੀ ਲੈਨਿਨ-ਇਜ਼ਮ ਹੈ। ਲੈਨਿਨ ਨੇ ਰੂਸੀ ਜਨਤਾ ਦੀ ਇਨਕਲਾਬੀ ਅਗਵਾਈ ਏਸੇ ਅਸੂਲ ਤੇ ਅਮਲ ਕਰ ਕੇ ਜ਼ਾਰਸ਼ਾਹੀ ਨੂੰ ਚਕਨਾ ਚੂਰ ਕੀਤਾ। ਜਵਾਨੀ ਦੇ ਦਿਨਾਂ ਵਿਚ ਸਟਾਲਿਨ ਦੀ ਪ੍ਰਸਿਧ ਤਾਰੀਖੀ ਰਚਨਾ (ਕੌਮਾਂ ਦਾ ਸਵਾਲ) ਹੈ, ਜਿਸ ਵਿਚ ਉਹਨੇ ਇਸ ਮਸਲੇ ਨੂੰ ਮਾਰਕਸ ਤੇ ਲੈਨਿਨ ਦੇ ਨਜ਼ਰੀਏ ਅਨੁਸਾਰ ਸਮਝਾਇਆ ਹੈ। ਇਹ ਰਚਨਾ ੧੯੧੩ ਵਿਚ ਪ੍ਰਕਾਸ਼ਤ ਹੋਈ।

ਸਟਾਲਿਨ ਹੀ ਏਸ ਔਖੇ ਮਸਲੇ ਨੂੰ ਹਲ ਕਰਨ ਦੀ ਯੋਗਤਾ ਰਖਦਾ ਸੀ, ਕਿਉਂਕਿ ਉਹਦਾ ਜਨਮ-ਸਥਾਨ ਟ੍ਰਾਂਸ ਕਾਕੇਸ਼ੀਆ, ਕੌਮੀ ਝਗੜਿਆਂ ਦਾ ਅਖਾੜਾ ਸੀ। ਜਾਰਜੀ, ਆਜ਼ਰਬੈਜਾਨੀ, ਆਰਮੀਨੀ, ਯਹੂਦੀ, ਤੁਰਕੀ, ਦਾਗ਼ਸਤਾਨੀ, ਈਰਾਨੀ ਆਦਿ ਅਨੇਕਾਂ ਕੌਮਾਂ ਉਥੇ ਵਸਦੀਆਂ ਸਨ। ਉਹ ਹਮੇਸ਼ਾ ਇਕ ਦੂਸਰੇ ਦੀ ਧੌਣ ਕੱਟਣ ਲਈ ਤਿਆਰ ਰਹਿੰਦੀਆਂ, ਹਾਲਾਂ ਕਿ ਇਹ ਸਭ ਕੌਮਾਂ ਜ਼ਾਰ ਦੀ ਰੂਸੀ ਨੌਕਰਸ਼ਾਹੀ ਦੇ ਪੈਰਾਂ ਹੇਠਾਂ ਦਬੀਆਂ

ਹੋਈਆਂ ਸਨ। ਇਸ ਵਿਸ਼ੇ ਤੇ ਸਟਾਲਿਨ ਨੇ ਜਿੰਨੇ ਲੇਖ ਲਿਖੇ, ਲੈਨਿਨ ਨੇ ਉਨ੍ਹਾਂ ਦੀ ਪ੍ਰਸੰਸਾ ਕੀਤੀ।

ਇਨਕਲਾਬ ਤੋਂ ਬਾਦ ਹੀ ਸਟਾਲਿਨ ਨੂੰ ਕੌਮਾਂ ਦਾ ਕਮੀਸਾਰ (ਵਜ਼ੀਰ) (Commissar of Nationalities) ਬਣਾ ਦਿਤਾ ਗਿਆ, ਤੇ ਉਹਨੂੰ ਅਮਲੀ ਤੌਰ ਤੇ ਆਪਣੇ ਸਿਧਾਂਤਾਂ ਨੂੰ ਅਜ਼ਮਾਣ ਦਾ ਮੌਕਾ ਮਿਲਿਆ। ਏਸ ਵਾਰਤਾ ਦਾ ਜਿਹੜਾ ਨਤੀਜਾ ਨਿਕਲਿਆ, ਉਹ ਬੇਹਦ ਹੈਰਾਨੀ ਭਰਿਆ ਹੈ। ਸੋਵੀਅਟ ਯੂਨੀਅਨ ਵਿਚ ਸੈਂਕੜੇ ਹੀ ਵਖੋ ਵਖ ਕੌਮਾਂ ਵਸਦੀਆਂ ਹਨ, ਉਹਨਾਂ ਚੋਂ ਹਰੇਕ ਦੀ ਸਭਯਤਾ ਅਤੇ ਕਲਚਰ ਦੀ ਪੂਰਨ ਤਰੱਕੀ ਹੋਈ ਹੈ। ਸੋਵੀਅਟ ਯੂਨੀਅਨ ਦੀਆਂ ਆਜ਼ਾਦ ਤੇ ਖ਼ੁਦ ਮੁਖ਼ਤਾਰ ਕੌਮਾਂ ਵਿਚ ਏਨਾਂ ਜ਼ਬਰਦਸਤ ਮਿਲਾਪ, ਪਰਸਪਰ ਪਿਆਰ ਤੇ ਮਿਤ੍ਰਤਾਈ ਦਾ ਡੂੰਘਾ ਜਜ਼ਬਾ ਪੈਦਾ ਹੋ ਗਿਆ ਹੈ, ਜਿਸ ਦੀ ਮਿਸਾਲ ਕਿਸੇ ਦੂਸਰੀ ਅਜੇਹੀ ਰਿਆਸਤ ਚੋਂ ਨਹੀਂ ਮਿਲ ਸਕਦੀ, ਜਿਥੇ ਏਨੀਆਂ ਵਖੋ ਵਖਰੀਆਂ ਕੌਮਾਂ ਵਸਦੀਆਂ ਹੋਣ। ਸਟਾਲਿਨ ਦੇ ਇਕ ਕਾਨੂੰਨ ਦੁਆਰਾ, ਸੋਵੀਅਟ ਅੰਦਰ ਕਿਸੇ ਵੀ ਤਰਾਂ ਦਾ ਕੌਮੀ ਪਖ-ਪਾਤ ਜਾਂ ਨਸਲੀ ਤਅੱਸਬ ਫੈਲਾਣਾ ਜੁਰਮ ਹੈ, ਇਹ ਇਕ ਐਸਾ ਤਰੱਕੀ ਪਸੰਦ ਕਾਨੂੰਨ ਹੈ, ਜਿਹੜਾ ਦੋ ਹਜ਼ਾਰ ਵਰ੍ਹੇ ਦੀ ਈਸਾਈ ਸਭਿਅਤਾ ਦੇ ਬਾਦ ਵੀ ਅਜ ਦੁਨੀਆਂ ਦੀ ਕਿਸੇ ਹੋਰ ਰਿਆਸਤ ਨੇ ਹੁਣ ਤੀਕ ਏਸ ਤਰਾਂ ਦਾ ਕਾਨੂੰਨ ਬਨਾਣ ਦਾ ਹੌਸਲਾ ਨਹੀਂ ਕੀਤਾ, ਹਾਲਾਂ ਕਿ ਪੁਰਾਣੀਆਂ ਰਿਆਸਤਾਂ ਇਸ ਅਸੂਲ ਦੀ ਖੂਬੀ ਨੂੰ ਆਪਣੇ ਮੂਹੋਂ ਪਰਵਾਨ ਕਰਦੀਆਂ ਹਨ।

੧੯੧੦ ਤੋਂ ਬਾਦ ਸਟਾਲਿਨ ਮੁੜ ਕੇ ਬਾਕੂ ਨਹੀਂ ਆਇਆ। ਉਹ ਸੇਂਟ ਪੀਟਰਸ ਬਰਗ ਵਿਚ ਹੀ ਕੰਮ ਕਰਨ ਲਗ ਪਿਆ। ਉਹ ਬਾਲਸ਼ਵਿਕ ਪਾਰਟੀ ਵਲੋਂ ਡਿਊਮਾ (ਰੂਸੀ ਪਾਰਲੀਮੈਂਟ, ਜਿਹਨੂੰ ਜ਼ਾਰ ਨੇ ੧੯੦੫ ਦੇ ਇਨਕਲਾਬ ਤੋਂ ਬਾਦ ਕਾਇਮ ਕੀਤਾ ਸੀ, ਇਹਨੂੰ ਸਿਰਫ਼ ਸਲਾਹ ਦੇਣ ਦਾ ਹੀ ਹਕ ਸੀ) ਦੀਆਂ ਚੋਣਾ ਤੇ ਡਿਊਮਾਂ ਦੇ

ਬਾਲਸ਼ਵਿਕ ਮੈਂਬਰਾਂ ਦੀ ਹਿਦਾਇਤ ਤੇ ਅਗਵਾਈ ਕਰਦਾ ਰਿਹਾ। ੧੯੧੨ ਨੂੰ ਪ੍ਰਾਗ ਵਿਚ ਜਦੋਂ ਬਾਲਸ਼ਵਿਕ ਕਾਨਫ਼ਰੰਸ ਹੋ ਰਹੀ ਸੀ, ਤਾਂ ਸਟਾਲਿਨ ਨੇ ਇਸ ਵਿਚ ਸ਼ਾਮਲ ਹੋਣ ਲਈ ਸਭ ਤਿਆਰੀਆਂ ਕਰ ਲਈਆਂ ਸਨ, ਪਰ ੧੯੧੧ ਵਿਚ ਗ੍ਰਿਫਤਾਰ ਹੋਣ ਕਰ ਕੇ ਉਹ ਸ਼ਾਮਲ ਨਾ ਹੋ ਸਕਿਆ। ਕਾਨਫ਼ਰੰਸ ਨੇ ਇਸ ਨੂੰ ਗੈਰ ਹਾਜ਼ਰ ਹੋਣ ਤੇ ਵੀ ਕੇਂਦਰੀ ਕਮੇਟੀ ਦਾ ਸਕੱਤਰ ਚੁਣ ਲਿਆ ਅਤੇ "ਰੂਸੀ ਬਿਊਰੋ" ਦਾ ਪ੍ਰਧਾਨ ਬਣਾਇਆ ਗਿਆ। ਇਹ ਮਹਿਕਮਾਂ ਪਾਰਟੀ ਦੀ ਇਕ ਖਾਸ ਕਮੇਟੀ ਸੀ, ਜੀਹਦੇ ਵਿਚ ਬਾਲਸ਼ਵਿਕ ਪਾਰਟੀ ਦੀ ਕੇਂਦਰੀ ਕਮੇਟੀ ਵਲੋਂ ਉਹ ਖਾਸ ਖਾਸ ਬਾਲਸ਼ਵਿਕ (ਕਮਿਊਨਿਸਟ) ਨਾਮਜ਼ਦ ਕੀਤੇ ਜਾਂਦੇ ਸਨ, ਜਿਹੜੇ ਰੂਸ ਵਿਚ ਰਹਿ ਕੇ ਹੀ ਇਨਕਲਾਬੀ ਸੰਗਰਾਮ ਵਿਚ ਰੁਝੇ ਰਹਿੰਦੇ ਸਨ।

'ਪਰਵਦਾ' ਦਾ ਨਿਕਲਣਾ

ਪਾਰਟੀ ਨੇ ਸਟਾਲਿਨ ਬਾਰੇ ਜਿਹੜਾ ਵਿਸ਼ਵਾਸ ਪਰਗਟ ਕੀਤਾ, ਉਸ ਤੋਂ ਪਰੇਰਿਤ ਹੋ ਕੇ ਉਹ ਫੌਰਨ ਹੀ ਜਿਹਲ ਚੋਂ ਨਿਕਲ ਕੇ ਭਜ ਗਿਆ। ਬਾਹਰ ਆ ਕੇ ਉਸ ਨੇ ਬਾਲਸ਼ਵਿਕ ਪੱਤ੍ਰ "ਪਰਵਦਾ" ਦੇ ਕੱਢਣ ਦਾ ਪ੍ਰਬੰਧ ਕੀਤਾ। ਅਖ਼ਬਾਰ ਦਾ ਪਹਿਲਾ ਅੰਕ ਨਿਕਲਣ ਤੇ ਹੀ ਉਹਨੂੰ ਫੇਰ ਗ੍ਰਿਫ਼ਤਾਰ ਕਰ ਲਿਆ ਗਿਆ, ਪਰ ਕੁਝ ਹੀ ਦਿਨਾਂ ਬਾਦ ਉਹ ਫਿਰ ਜਿਹਲ ਚੋਂ ਫ਼ਰਾਰ ਹੋ ਗਿਆ, ਤਾ ਕਿ ਉਹ ਅਖ਼ਬਾਰ ਅਤੇ ਡਿਊਮਾ ਦੇ ਬਾਲਸ਼ਵਿਕ ਮੈਂਬਰਾਂ ਦੀ ਅਗਵਾਈ ਕਰ ਸਕੇ। ੧੯੧੩ ਵਿਚ ਉਹਨੂੰ ਫੇਰ ਫੜ ਲਿਆ ਗਿਆ, ਇਸ ਵਾਰੀ ਉਹ ਆਪਣੇ ਗੁਪਤ ਸਾਥੀਆਂ ਦੀ ਮੀਟਿੰਗ ਕਰਨ ਲਈ ਇਕ ਸੰਗੀਤ–ਸ਼ਾਲਾ ਵਿਚ ਗਿਆ ਹੋਇਆ ਸੀ। ਏਥੇ ਪੁਲਸ ਦੇ ਇਕ ਮੁਖ਼ਬਰ ਨੇ, ਜਿਹੜਾ ਪਾਰਟੀ ਵਲੋਂ ਡਿਊਮਾ ਦਾ ਵੀ ਮੈਂਬਰ ਸੀ, ਸਟਾਲਿਨ ਦੇ ਆਉਣ ਦੀ ਖ਼ਬਰ ਪੁਲਸ ਨੂੰ ਕਰ ਦਿੱਤੀ ਸੀ।

ਇਹ ਪਹਿਲਾ ਮੌਕਾ ਸੀ, ਜਦ ਕਿ ਜ਼ਾਰ ਦੇ ਸੂਬਕ ਗਵਰਨਰ ਸਟਾਲਿਨ ਨੂੰ ਵੜ ਸਕਣ ਵਿਚ ਸਫ਼ਲ ਹੋਏ । ਸਟਾਲਿਨ ਨੂੰ ਆਪਣੀ ਕੀਮਤੀ ਜ਼ਿੰਦਗੀ ਦੇ ਚਾਰ ਵਰ੍ਹੇ ਏਥੇ ਹੀ ਗੁਜ਼ਾਰਨੇ ਪਏ । ਇਹ ਚਾਰ ਵਰ੍ਹੇ ਉਹਨੇ ਪੜ੍ਹਨ ਲਿਖਣ, ਨਜ਼ਰਬੰਦ ਕੈਦੀਆਂ ਨਾਲ ਵਿਚਾਰ ਕਰਨ, ਇਹਨਾਂ ਦੀ ਰਾਜਸੀ ਤਾਲੀਮ, ਬਾਹਰ ਦੇ ਸਾਥੀਆਂ ਨਾਲ ਗੁਪਤ ਚਿਠੀ ਪੱਤਰ ਕਰਨ ਅਤੇ ਸ਼ਿਕਾਰ ਖੇਡਣ ਤੇ ਮੱਛੀਆਂ ਫੜਨ ਵਿਚ ਬਿਤਾਏ। ਸਟਾਲਿਨ ਅਜੇ ਕੈਦ ਵਿਚ ਹੀ ਸੀ, ਕਿ ੧੯੧੪ ਵਿਚ ਪਹਿਲੀ ਸਾਮਰਾਜੀ ਜੰਗ ਛਿੜ ਪਈ, ਇਸ ਵੇਲੇ ਇਸ ਨੇ ਜਿਹੜੇ ਖ਼ਤ ਆਪਣੇ ਸਾਥੀਆਂ ਨੂੰ ਲਿਖੇ ਸਨ, ਉਹਨਾਂ ਤੋਂ ਪਰਗਟ ਹੁੰਦਾ ਹੈ ਕਿ ਸਟਾਲਿਨ ਭਾਵੇਂ ਲੈਨਿਨ ਦੀ ਸੁਹਬਤ ਤੋਂ ਕਾਫ਼ੀ ਦੁਰੇਡਾ ਸੀ, ਪਰ ਜੰਗ ਦੇ ਪੈਦਾ ਕੀਤੇ ਹੋਏ ਮਸਲਿਆਂ ਅਤੇ ਇਨਕਲਾਬੀ ਜਨਤਾ ਦੇ ਫ਼ਰਜ਼ਾਂ ਪੁਰ ਇਹਦੇ ਖ਼ਿਆਲ ਲੈਨਿਨ ਦੇ ਖਿਆਲਾਂ ਨਾਲ ਮਿਲਦੇ ਸਨ।

ਸਟਾਲਿਨ ਤੇ ਰੂਸ ਦਾ ਸੋਸ਼ਲਿਸਟ ਇਨਕਲਾਬ

੧੯੧੭ ਦਾ ਨਵਾਂ ਸਾਲ ਆਇਆ – ਫਰਵਰੀ ਵਿਚ ਜ਼ਾਰਸ਼ਾਹੀ ਦਾ ਖਾਤਮਾ ਹੋ ਗਿਆ – ਕੈਦ ਖ਼ਾਨਿਆਂ ਦੇ ਦਰਵਾਜ਼ੇ ਖੁਲ੍ਹ ਗਏ – ਪੰਦਰਵੇਂ ਦਿਨ ਸਟਾਲਿਨ ਸੈਂਟਪੀਟਰਸ ਬਰਗ ਪੁਜਿਆ ਤੇ 'ਪਰਵਦਾ' ਦੀ ਅਤੇ ਬਾਲਸ਼ਵਿਕਾਂ ਦੀ ਅਗਵਾਈ ਦਾ ਕੰਮ ਕਰਨ ਲਗ ਪਿਆ, ਜਿਹੜੇ ਹੁਣ ਗੁਪਤ ਜ਼ਿੰਦਗੀ ਚੋਂ ਬਾਹਰ ਆ ਗਏ ਸਨ।

ਅਪ੍ਰੈਲ ੧੯੧੭ ਵਿਚ ਲੈਨਿਨ ਰੂਸ ਵਾਪਸ ਆਇਆ – ਸਟਾਲਿਨ ਨੇ ਅਗੋ ਵਧ ਕੇ ਉਹਦਾ ਸੁਆਗਤ ਕੀਤਾ। ਉਹ ਉਹਦੇ ਨਾਲ ਹੀ ਪੀਟਰੋ-ਗਰਾਡ ਤੀਕ ਆਇਆ। ਇਸ ਨੇ ਮਈ ਵਿਚ ਬਾਲਸ਼ਵਿਕ ਕਾਂਗਰਸ ਦੇ ਇਜਲਾਸ ਵਿਚ ਲੈਨਿਨ ਦੇ ਪ੍ਰੋਗਰਾਮ ਦੀ ਹਿਮਾਇਤ ਕੀਤੀ, ਜਿਹੜਾ "ਅਪ੍ਰੈਲ ਦੇ ਪ੍ਰੋਗਰਾਮ" ਦੇ ਨਾਂ ਨਾਲ ਮਸ਼ਹੂਰ ਸੀ। ਇਸ ਤੋਂ ਬਾਅਦ ਉਹ ਲੈਨਿਨ ਦੇ ਨਾਲ ਰਲ ਕੇ ਕੰਮ ਕਰਨ ਲਗਾ। ਪਰਵਦਾ ਵਿਚ

ਲੈਨਿਨ ਅਤੇ ਸਟਾਲਿਨ ਦੇ ਮਜ਼ਮੂਨ ਧੜਾ ਧੜ ਨਿਕਲਣ ਲਗੇ। ਸਟਾਲਿਨ ਵਾਸਤੇ ਇਹ ਪਹਿਲਾ ਮੌਕਾ ਸੀ, ਕਿ ਉਹ ਲੈਨਿਨ ਦੇ ਕੋਲ ਰਹਿ ਕੇ ਕੰਮ ਕਰੇ। ਉਸ ਨੇ ਲਿਖਿਆ ਹੈ ਕਿ ਏਸ ਅਨੋਖੇ ਸਾਥ ਨੇ ਉਹਨੂੰ ਬਹੁਤ ਕੁਝ ਸਿਖਾਇਆ। ਸਟਾਲਿਨ ਨੇ ਲੈਨਿਨ ਦੇ ਮਰਨੇ ਤੋਂ ਬਾਅਦ ਵੀ ਲੈਨਿਨ ਦੀ ਅਸਲੀ ਰੂਹ ਤੇ ਇਹਦੀ ਤਾਲੀਮ ਨੂੰ ਜ਼ਿੰਦਾ ਰਖਿਆ।

ਜੁਲਾਈ ਵਿਚ ਇਨਕਲਾਬੀ ਰੂਸ ਦੀ ਆਰਜ਼ੀ ਹਕੂਮਤ ਨੇ ਬਾਲ-ਸ਼ਵਿਕ ਪਾਰਟੀ ਤੇ ਹਮਲਾ ਕੀਤਾ – ਲੈਨਿਨ ਬਾਲਸ਼ਵਿਕ ਪਾਰਟੀ ਦੇ ਅਖ਼ਬਾਰ 'ਪਰਵਦਾ' ਨੂੰ ਅਤੇ ਪਾਰਟੀ ਦੇ ਨਿਹਾਇਤ ਅਹਿਮ ਕੰਮਾਂ ਨੂੰ ਸਟਾਲਿਨ ਦੇ ਸਪੁਰਦ ਕਰ ਕੇ ਫ਼ਿਨਲੈਂਡ ਵਿਚ ਜਾ ਛਿਪਿਆ। ਉਹਨਾਂ ਦਿਨਾਂ ਵਿਚ ਲੈਨਿਨ ਦਾ ਸੰਬੰਧ ਸਿਰਫ਼ ਸਟਾਲਿਨ ਨਾਲ ਹੀ ਸੀ, ਜਿਸ ਦੇ ਰਾਹੀਂ ਉਹ ਪਾਰਟੀ ਦੀ ਅਗਵਾਈ ਕਰਦਾ ਰਿਹਾ। ਅਗਸਤ ਵਿਚ ਬਾਲਸ਼ਵਿਕ ਪਾਰਟੀ ਨੇ ਸੋਸ਼ਲਿਸਟ ਇਨਕਲਾਬ ਦੀਆਂ ਤਿਆਰੀਆਂ ਸ਼ੁਰੂ ਕਰ ਦਿਤੀਆਂ।

ਪਾਰਟੀ ਨੇ ਇਨਕਲਾਬ ਦੀਆਂ ਰਾਜਸੀ ਤੇ ਏਕਤਾ ਦੀਆਂ ਤਿਆ-ਰੀਆਂ ਨੂੰ ਮੁਕੰਮਲ ਕਰਨ ਲਈ ਦੋ ਕਮੇਟੀਆਂ ਬਣਾਈਆਂ। ਰਾਜਸੀ ਕਮੇਟੀ ਪੰਜ, ਤੇ ਜਥੇਬੰਦਕ ਕਮੇਟੀ ਸਤ ਆਦਮੀਆਂ ਤੇ ਨਿਰਭਰ ਸੀ। ਪਾਰਟੀ ਨੇ ਸਟਾਲਿਨ ਨੂੰ ਇਹਨਾਂ ਦੋਹਾਂ ਕਮੇਟੀਆਂ ਦੀ ਅਗਵਾਈ ਕਰਨ ਲਈ ਮੁਕੱਰਰ ਕੀਤਾ। ੧੦ ਅਕਤੂਬਰ ਨੂੰ ਪਾਰਟੀ ਦੀ ਕੇਂਦਰੀ ਕਮੇਟੀ ਨੇ ਸਟਾਲਿਨ ਨੂੰ 'ਪੁਲੀਟੀਕਲ ਬਿਊਰੋ' ਦਾ ਮੈਂਬਰ ਚੁਣ ਕੇ ਬਗ਼ਾਵਤ ਦੀ ਜਥੇਬੰਦੀ ਤੇ ਹਿਦਾਇਤ ਦਾ ਕੰਮ ਇਹਦੇ ਸਪੁਰਦ ਕੀਤਾ। ੧੬ ਅਕਤੂਬਰ ਨੂੰ ਕੇਂਦਰੀ ਪਾਰਟੀ ਦੇ ਸਾਰੇ ਕੰਮਾਂ ਅਤੇ ਇਨਕਲਾਬ ਦੀ ਰਹਿਨੁਮਾਈ ਕਰਨ ਲਈ ਇਹਨੂੰ ਮੁਕੱਰਰ ਕੀਤਾ।

੨੪ ਅਕਤੂਬਰ (ਵਰਤਮਾਨ ਕੈਲੰਡਰ ਦੇ ਮੁਤਾਬਿਕ ੬ ਨਵੰਬਰ) ਦੀ ਰਾਤ ਨੂੰ ਲੈਨਿਨ ਗੁਪਤ ਜ਼ਿੰਦਗੀ ਚੋਂ ਬਾਹਰ ਆਇਆ। ਦੂਸਰੇ ਹੀ ਦਿਨ ਲੈਨਿਨ ਤੇ ਸਟਾਲਿਨ ਨੇ ਮਿਲ ਕੇ ਬਗਾਵਤ ਦੀ ਰਹਿਨੁਮਾਈ

ਕੀਤੀ ਅਤੇ ਮਜ਼ਦੂਰਾਂ ਤੇ ਕਿਸਾਨਾਂ ਦੇ ਸੋਵੀਅਟ ਲਈ ਰਾਜਸੀ ਹੱਕ ਹਾਸਲ ਕੀਤਾ। ਇਨਕਲਾਬੀ ਹਕੂਮਤ ਕਾਇਮ ਕਰਨ ਲਈ ਰੂਸ ਦੀ ਸਰਬ-ਯੂਨੀਅਨ-ਕਾਂਗਰਸ ਦੇ ਫ਼ੈਸਲੇ ਅਨੁਸਾਰ ਲੈਨਿਨ ਨੇ ਪ੍ਰਧਾਨ ਤੇ ਸਟਾਲਿਨ ਨੇ ਕੌਮਾਂ ਦੇ ਵਜ਼ੀਰ ਦੀ ਹੈਸੀਅਤ ਨਾਲ ਦਸਖ਼ਤ ਕੀਤੇ।

ਮਸ਼ਹੂਰ ਫ਼ਰਾਂਸਿਸੀ ਸਾਹਿਤਕਾਰ ਬਾਰਯੂਸ ਨੇ ਸਟਾਲਿਨ ਬਾਰੇ ਲਿਖਿਆ ਹੈ, "੧੯੧੧ ਦੇ ਪਿਛੋਂ ਇਹਦੀ ਜ਼ਿੰਦਗੀ ਦਾ ਇਕ ਵੀ ਸਾਲ ਅਜੇਹਾ ਨਹੀਂ ਗੁਜ਼ਰਿਆ, ਜਿਸ ਵਿਚ ਇਹਨੇ ਕੋਈ ਨਾ ਕੋਈ ਮਸ਼ਹੂਰ ਕੰਮ ਨਾ ਕੀਤਾ ਹੋਵੇ, ਜਿਦ੍ਹੇ ਨਾਲ ਲੋਕਾਂ ਨੂੰ ਸ਼ੁਹਰਤ ਤੇ ਇਨਾਮ ਮਿਲਦੇ ਹਨ।"

ਇਨਕਲਾਬ ਦੇ ਬਾਅਦ ਹੀ ਸਟਾਲਿਨ ਨੂੰ ਕੌਮਾਂ ਦੇ ਮਹਿਕਮੇਂ ਦਾ ਵਜ਼ੀਰ ਬਣਾਇਆ ਗਿਆ, ਤਾਕਿ ਉਹ ਆਪਣੀ ਪਾਲਿਸੀ ਨੂੰ ਪ੍ਰਗਟ ਕਰ ਸਕੇ – ਜਿਦ੍ਹੀ ਬੁਨਿਆਦ ਇਹ ਸੀ, ਕਿ "ਹਾਕਮ" ਕੌਮ (ਰੂਸ) ਦੇ ਬਾਲਸ਼ਵਿਕ "ਮਹਿਕੂਮ" (ਅਜ਼ਬਕ, ਤਾਤਾਰ ਆਦਿ) ਕੌਮਾਂ ਦੀ ਮੁਕੰਮਲ ਆਜ਼ਾਦੀ ਤੇ ਅੱਡਰੀ ਰਿਆਸਤ ਬਣਾਨ ਦੇ ਹਕ ਦੀ ਮਨਜ਼ੂਰੀ ਦੇ ਹਕ ਤੇ ਜ਼ੋਰ ਦੇਣ। ਦੂਸਰੇ ਪਾਸੇ ਪਛੜੀਆਂ ਹੋਈਆਂ ਕੌਮਾਂ ਦੇ ਕਮਿਊਨਿਸਟ ਇਸ ਆਜ਼ਾਦੀ ਦੇ ਵਾਤਾਵਰਨ ਵਿਚ ਇਕ ਅਜੇਹਾ ਵਾਯੂ-ਮੰਡਲ ਪੈਦਾ ਕਰਨ, ਜਿਸ ਵਿਚ ਪਹਿਲਾਂ ਰੂਸੀ ਸਾਮਰਾਜ ਦੀਆਂ ਸਾਰੀਆਂ ਕੌਮਾਂ ਇਕ ਦੂਜੇ ਨਾਲ ਮਿਲ ਕੇ ਸਮਾਜਕ ਤੇ ਆਰਥਕ ਤੌਰ ਤੇ ਕੰਮ ਕਰ ਸਕਣ।

ਇਸੇ ਹੈਸੀਅਤ ਵਿਚ ਸਟਾਲਿਨ ਫ਼ੌਰਨ ਹੈਲਿੰਸਕੀ (ਫ਼ਿਨਲੈਂਡ ਦੀ ਰਾਜਧਾਨੀ) ਚਲਾ ਗਿਆ, ਤਾਕਿ ਉਥੇ ਪੁਜ ਕੇ ਏਸ ਤਰ੍ਹਾਂ ਦਾ ਐਲਾਨ ਕਰ ਸਕੇ ਕਿ ਫ਼ਿਨਲੈਂਡ ਦੀ ਜਨਤਾ ਨੂੰ ਹਕ ਹਾਸਲ ਹੈ ਕਿ ਉਹ ਵੀ ਰੂਸ ਤੋਂ ਵਖ ਹੋਕੇ ਆਪਣੀ ਕੌਮੀ ਰਿਆਸਤ ਦੀ ਮੰਗ ਕਰੇ। ਇਹ ਅਜੇਹਾ ਹਕ ਸੀ, ਜਿਸ ਤੋਂ ਫ਼ਿਨੀ ਕੌਮ ਜ਼ਾਰ ਵੇਲੇ ਵਾਂਝਿਆਂ ਕਰ ਦਿਤੀ ਗਈ ਸੀ। ਲੈਨਿਨ ਨੇ ਆਖਿਆ ਹੈ, ਕਿ ਰੂਸ ਦੀਆਂ ਮੁਖ਼ਤਲਿਫ਼ ਕੌਮਾਂ ਨੂੰ

ਸਟਾਲਿਨ ਤੋਂ ਬਹੁਤਾ ਕਿਸੇ ਦੂਸਰੇ ਆਦਮੀ ਤੇ ਭਰੋਸਾ ਨਹੀਂ ਆ ਸਕਦਾ ਸੀ – ਏਸ ਵਾਸਤੇ ਇਹਨੂੰ ਹੀ ਏਸ ਮਹਾਨ ਕੰਮ ਦੇ ਸਿਰੇ ਚਾੜ੍ਹਨ ਲਈ ਨੀਅਤ ਕਰਨਾ ਜ਼ਰੂਰੀ ਸੀ।

ਬ੍ਰੇਸਟ ਲਿਟਾਵਸਕ ਵਿਚ ਜਰਮਨਾਂ ਨਾਲ ਸੁਲਾਹ ਦੀ ਗਲ ਬਾਤ ਹੋ ਰਹੀ ਸੀ, ਇਸ ਵੇਲੇ ਮਜ਼ਦੂਰ-ਤਾਕਤ ਨੂੰ ਜਰਮਨਾਂ ਦੀ ਸਾਮਰਾਜੀ ਫ਼ੌਜ ਤੋਂ ਬੜਾ ਖ਼ਤਰਾ ਸੀ। ਲੈਨਿਨ ਦਾ ਖ਼ਿਆਲ ਸੀ, ਕਿ ਅਯੋਗ ਸ਼ਰਤਾਂ ਤੇ ਹੀ ਸੁਲਾਹ ਕਰ ਲੈਣੀ ਚਾਹੀਦੀ ਹੈ, ਤਾਕਿ ਮਜ਼ਦੂਰ ਕਿਸਾਨ ਹਕੂਮਤ ਨੂੰ ਸਾਹ ਲੈਣ ਦੀ ਮੁਹਲਤ ਤੇ ਸੋਸ਼ਲਿਸਟ ਰਿਆਸਤ ਨੂੰ ਉਸਾਰਨ ਦਾ ਮੌਕਾ ਮਿਲ ਸਕੇ। ਬਾਲਸ਼ਵਿਕ ਪਾਰਟੀ ਵਿਚ ਬੜੇ ਥੋੜੇ ਆਦਮੀ ਸਨ, ਜਿਹੜੇ ਲੈਨਿਨ ਦੀ ਇਸ ਰਾਏ ਦੀ ਤਾਈਦ ਕਰਦੇ ਹੋਣ। ਇਸ ਵੇਲੇ ਸਟਾਲਿਨ ਨੇ ਲੈਨਿਨ ਦੇ ਇਨਕਲਾਬੀ ਨਜ਼ਰੀਏ ਦੀ ਐਹਿਮੀਅਤ ਨੂੰ ਮਹਿਸੂਸ ਕਰ ਕੇ ਲੈਨਿਨ ਦੀ ਜ਼ੋਰਦਾਰ ਹਿਮਾਇਤ ਕੀਤੀ ਤੇ ਕਿਹਾ, "ਜਾਂ ਤਾਂ ਅਸੀ ਸਾਹ ਲੈਣ ਦੀ ਮੁਹਲਤ ਹਾਸਲ ਕਰਾਂਗੇ ਤੇ ਜਾਂ ਬਰਬਾਦ ਹੋ ਜਾਵਾਂਗੇ।"

ਸਟਾਲਿਨ ਤੇ ਖਾਨਾ ਜੰਗੀ

੧੯੧੮ ਵਿਚ ਸਟਾਲਿਨ ਨੂੰ ਉੱਤਰੀ ਕਾਕੇਸ਼ੀਆ ਜਾਣ ਵਾਲੀ ਰੇਲ ਦੀ ਲਾਈਨ ਨੂੰ ਮੁੜ ਚਾਲੂ ਕਰਨ, ਅਤੇ ਅੰਨ ਪ੍ਰਾਪਤ ਕਰਨ ਲਈ ਘਲਿਆ ਗਿਆ। ਸ਼ਹਿਰ ਦੀ ਜਨਤਾ ਅੰਨ ਬਿਨਾਂ ਭੁਖੀ ਮਰ ਰਹੀ ਸੀ। ਸਟਾਲਿਨ ਨੇ ਉਥੇ ਪੁਜ ਕੇ ਲੈਨਿਨ ਨੂੰ ਲਿਖਿਆ, "ਸਾਥੀ ਲੈਨਿਨ, ਤਸੱਲੀ ਰਖੋ, ਮੈਂ ਜਾਂ ਹੋਰ ਕੋਈ ਦੂਸਰਾ ਸਾਥੀ ਆਰਾਮ ਨਾਲ ਨਹੀਂ ਬੈਠਿਆ। ਭਾਵੇਂ ਕਿੰਨੀਆਂ ਹੀ ਔਖਿਆਈਆਂ ਹੋਣ, ਅਸੀ ਤੁਹਾਨੂੰ ਕਣਕ ਜ਼ਰੂਰ ਘਲਾਂਗੇ।" ੧੯੧੯ ਵਿਚ ਸਟਾਲਿਨ ਨੂੰ ਮਜ਼ਦੂਰਾਂ ਦਾ ਕਮੀਸਾਰ (ਵਜ਼ੀਰ) ਨੀਅਤ ਗਿਆ। ਏਸ ਸਮੇਂ ਮਜ਼ਦੂਰਾਂ ਤੇ ਕਿਸਾਨਾਂ ਵਿਚ ਇਨਕਲਾਬ ਵਿਰੋਧੀ ਅਨਸਰ ਕਈ ਪ੍ਰਕਾਰ ਦੀਆਂ ਸਾਜ਼ਸ਼ਾਂ ਕਰਨ,

ਭੁਲੇਖੇ ਫੈਲਾਣ ਤੇ ਹਰ ਤਰਾਂ ਦੀ ਬੇ-ਈਮਾਨੀ, ਗੜਬੜ ਤੇ ਤੋੜ ਫੋੜ ਵਿਚ ਰੁਝੇ ਹੋਏ ਸਨ।

ਲੈਨਿਨ ਨੇ ਸਟਾਲਿਨ ਨੂੰ ਏਸ ਦੇ ਅਨਸਾਰ ਖ਼ਾਤਮਾ ਕਰਨ ਦਾ ਕੰਮ ਸੌਂਪਦਿਆਂ ਆਖਿਆ, "ਇਹ ਕੰਮ ਬੜਾ ਹੀ ਮੁਸ਼ਕਿਲ ਹੈ, ਸਿਰਫ਼ ਪ੍ਰਭਾਵ-ਸ਼ਾਲੀ ਆਦਮੀ ਹੀ ਇਨਕਲਾਬ ਨੂੰ ਬਚਾ ਸਕਦੇ, ਤੇ ਇਹਨਾਂ ਫ਼ਰਜ਼ਾਂ ਦਾ ਪਾਲਣ ਕਰ ਸਕਦੇ ਹਨ।"

ਸਟਾਲਿਨ ਦੀ ਮਹਾਨਤਾ ਤੇ ਬਰਜ਼ੁਗੀ ਸਭ ਤੋਂ ਬਹੁਤੀ ਉਹਦੇ ਕੰਮਾਂ ਤੋਂ ਪ੍ਰਗਟ ਹੁੰਦੀ ਹੈ, ਜਿਹੜੇ ਉਸ ਨੇ ਲਾਲ ਫ਼ੌਜ ਦੇ ਨਾਲ ਇਨਕਲਾਬ ਤੇ ਖ਼ਾਨਾ ਜੰਗੀ ਦੇ ਦੌਰਾਨ ਵਿਚ ਕੀਤੇ। ਕਾਮਰੇਡ ਕਾਲਿਨਿਨ ਨੇ ਲਿਖਿਆ ਹੈ, "੧੯੧੮ ਤੇ ੧੯੨੦ ਦੇ ਵਿਚਕਾਰ ਸਟਾਲਿਨ ਹੀ ਇਕ ਅਜੇਹਾ ਆਦਮੀ ਸੀ, ਜਿਨ੍ਹੂੰ ਪਾਰਟੀ ਦੀ ਕੇਂਦਰੀ ਕਮੇਟੀ ਇਕ ਮੋਰਚੇ ਤੋਂ ਦੂਜੇ ਮੋਰਚੇ ਤੇ ਭੇਜਦੀ ਸੀ, ਜਿਸ ਮੋਰਚੇ ਤੇ ਇਨਕਲਾਬ ਨੂੰ ਸਭ ਤੋਂ ਜ਼ਿਆਦਾ ਖ਼ਤਰਾ ਹੁੰਦਾ ਸੀ।" ਇਹਨਾਂ ਦੋਂਹ ਵਰ੍ਹਿਆਂ ਵਿਚ ਸਟਾਲਿਨ ਨੇ ਵਾਰੋਸ਼ਿਲਾਵ ਨਾਲ ਰਲ ਕੇ ਜ਼ਾਰਸਤਾਨ (ਜਿਨੂੰ ਅਜ ਸਟਾਲਿਨ ਗਰਾਡ ਆਖਦੇ ਹਨ) ਦੀ ਰਖਿਆ ਕੀਤੀ। ਜ਼ਿੰਸਕੀ ਦੇ ਨਾਲ ਮਿਲ ਕੇ 'ਪਰਮ' ਦੀ ਹਿਫ਼ਾਜ਼ਤ ਕੀਤੀ। ਪੀਟਰੋ ਗਰਾਡ ਵਿਚੋਂ ਇਨਕਲਾਬ ਵਿਰੋਧੀ ਜਰਨੈਲ ਯੁਦੇਨਿਚ ਨੂੰ, ਪੋਲੈਂਡ ਦੇ ਇਨਕਲਾਬ ਵਿਰੋਧੀ ਹਮਲਾਆਵਰਾਂ ਨੂੰ ਸਮੋਲੈਂਸਕ ਚੋਂ ਅਤੇ ਦੱਖਣੀ ਮਹਾਜ਼ ਤੋਂ ਜਰਨੈਲ ਡੈਨਕਿਨ ਨੂੰ ਸਟਾਲਿਨ ਨੇ ਹੀ ਬਾਹਰ ਕਢਿਆ ਸੀ। ਦੱਖਣ ਵਿਚ ਜਰਨੈਲ ਰੇਂਗਲ ਨੂੰ ਇਹਨੇ ਹੀ ਸ਼ਿਕਸਤ ਦਿੱਤੀ ਸੀ। ਜ਼ਾਰਸਤਾਨ ਦੀ ਹਿਫ਼ਾਜ਼ਤ ਬਾਰੇ ਸਟਾਲਿਨ ਦੇ ਇਕ ਸਾਥੀ ਕਾਗਾਨੋਵਿਚ ਨੇ ਲਿਖਿਆ ਹੈ, "ਉਹ ਨਿਹਾਇਤ ਹੀ ਮੁਸ਼ਕਲ ਤੇ ਖ਼ਤਰਨਾਕ ਦਿਨ ਸਨ। ਉਸ ਵੇਲੇ ਸਟਾਲਿਨ ਦੀ ਸ਼ਖ਼ਸੀਅਤ ਵੇਖਣ ਯੋਗ ਸੀ – ਸ਼ਾਂਤ ਤੇ ਗੰਭੀਰ, ਹਮੇਸ਼ਾ ਆਪਣੇ ਖ਼ਿਆਲਾਂ ਵਿਚ ਲੀਨ, ਉਹਦੀਆਂ ਅਖਾਂ ਅਡੋਲ, ਕਦੇ ਝਪਕੀ ਵੀ ਨਹੀਂ ਸਨ ਲੈਂਦੀਆਂ, ਉਹਨੇ ਆਪਣਾ ਵਕਤ ਜੰਗੀ ਖੰਦਕਾਂ ਤੇ ਫੌਜੀ ਹੈਡਕੁਆਰਟਰ ਦੇ ਵਿਚਕਾਰ ਵੰਡਿਆ

ਹੋਇਆ ਸੀ – ਹਾਲਤ ਨਿਰਾਸ਼ਾ-ਭਰੀ ਸੀ, ਬਚਣ ਦਾ ਕੋਈ ਰਾਹ ਨਹੀਂ ਸੀ ਦਿਸਦਾ – ਪਰ ਸਟਾਲਿਨ ਨੂੰ ਇਹਦੀ ਚਿੰਤਾ ਨਹੀਂ ਸੀ। ਉਹਦੇ ਦਿਮਾਗ ਵਿਚ ਇਕੋ ਹੀ ਖ਼ਿਆਲ ਚੱਕਰ ਲਾਂਦਾ ਸੀ, – 'ਸਾਡੀ ਜਿੱਤ ਜ਼ਰੂਰ ਹੋਵੇਗੀ' ਉਹ ਹਰੇਕ ਸਿਪਾਹੀ ਨੂੰ ਇਹੋ ਹੀ ਪੈਗ਼ਾਮ ਦੇਂਦਾ ਸੀ। ਅਸੀ ਅਜੇਹੀ ਹਾਲਤ ਵਿਚ ਘਿਰੇ ਹੋਏ ਸਾਂ, ਜਿਥੋਂ ਨਿਕਲਣ ਦਾ ਕੋਈ ਉਪਾ ਨਹੀਂ ਸੀ। ਫੇਰ ਵੀ ਜਿੱਤ ਬਾਰੇ ਕਦੇ ਕਿਸੇ ਨੂੰ ਸ਼ਕ ਨਹੀਂ ਸੀ ਹੋਇਆ – ਅਤੇ ਅੰਤ ਵਿਚ ਸਾਡੀ ਹੀ ਜਿੱਤ ਹੋਈ।"

'ਪਰਮ' ਵਿਚ ਸਟਾਲਿਨ ਨੇ ਤੀਸਰੀ ਫ਼ੌਜ ਨੂੰ ਨਿਹਾਇਤ ਹਾਰੂ-ਰੁਚੀਆਂ ਵਿਚ ਤਕਿਆ। ਇਸ ਫ਼ੌਜ ਦੀ ਹਿੰਮਤ ਟੁਟ ਚੁਕੀ ਸੀ, ਉਹ ਸ਼ਰਾਬ ਦੇ ਨਸ਼ੇ ਵਿਚ ਬਦ-ਮਸਤ, ਰਣ-ਭੂਮੀ ਨੂੰ ਛਡ ਨਠਣ ਲਈ ਤਿਆਰ ਸੀ ਅਤੇ ਲੜਨ ਤੋਂ ਜੀ ਚੁਰਾਂਦੀ ਸੀ। ਸਟਾਲਿਨ ਨੇ ਏਸ ਮੋਰਚੇ ਨੂੰ ਮੁੜ ਨਵੇਂ ਸਿਰੇ ਤੋਂ ਹਮਲੇ ਲਈ ਫੌਜ ਦੀ ਜਥੇਬੰਦੀ ਕੀਤੀ। ਬਾਲਟਿਕ ਸਾਗਰ ਦੇ ਕਿਨਾਰੇ ਯੁਦੇਨਿਚ ਪੀਟਰੋ ਗਰਾਡ ਦੇ ਬਿਲਕੁਲ ਨੇੜੇ ਪੁਜ ਚੁਕਿਆ ਸੀ। ਸਟਾਲਿਨ ਦੀ ਲਾਲ ਫੌਜ ਨੇ ੨੦ ਦਿਨਾਂ ਦੇ ਅੰਦਰ ਹੀ ਉਹਨੂੰ ਭਜਾ ਦਿਤਾ। ਸਟਾਲਿਨ ਨੇ ਇਕ ਖ਼ਤ ਵਿਚ ਏਸ ਲੜਾਈ ਬਾਰੇ ਲੈਨਿਨ ਨੂੰ ਲਿਖਿਆ ਸੀ :

"ਸਮੁੰਦਰੀ ਜੰਗੀ ਮਾਹਰਾਂ ਦਾ ਖਿਆਲ ਹੈ, ਕਿ 'ਕ੍ਰਿਸਨਾਇਆ ਗੋਰਕਾ' ਪੁਰ ਕਬਜ਼ਾ ਕਰਕੇ ਸਾਰੇ ਸਮੁੰਦਰੀ ਜੰਗ ਦੀ ਸਾਇੰਸ ਦੇ ਸਿਧਾਂਤਾਂ ਨੂੰ ਉਲਟ ਦਿਤਾ ਗਿਆ ਹੈ............ ਮੈਂ ਸਾਇੰਸ ਦੀ ਕਦਰ ਕਰਦਾ ਹਾਂ, ਪਰ ਫਿਰ ਵੀ ਇਹ ਦਸ ਦੇਣਾ ਮੈਂ ਜ਼ਰੂਰੀ ਸਮਝਦਾ ਹਾਂ : ਕਿ ਮੈਂ ਅਗੋਂ ਭੀ ਆਪਣੇ ਹੀ ਨਜ਼ਰੀਏ ਤੇ ਖ਼ਿਆਲ ਅਨੁਸਾਰ ਅਮਲ ਕਰਾਂਗਾ – ਭਾਵੇਂ ਸਾਇੰਸ ਤੇ ਜੰਗ ਦੇ ਕਾਨੂੰਨ ਉਲਟ ਪੁਲਟ ਹੀ ਕਿਉਂ ਨਾ ਜਾਣ।"

ਡੈਨਕਿਨ ਦੀਆਂ ਫੌਜਾਂ ਮਾਸਕੋ ਤੇ ਮੰਡਲਾ ਰਹੀਆਂ ਸਨ। ਰੂਸੀ ਇਨਕਲਾਬ ਪਿਛੋਂ ਪ੍ਰੋਲੇਤਾਰੀ (ਮਜ਼ਦੂਰ) ਹਕੂਮਤ ਨੂੰ ਏਡਾ ਮਹਾਨ ਖ਼ਤਰਾ ਕਦੇ ਪੈਦਾ ਨਹੀਂ ਸੀ ਹੋਇਆ ਤੇ ਨਾ ਹੀ ਕਦੇ ਦੁਸ਼ਮਨ ਦੀਆਂ ਫੌਜਾਂ ਰਾਜ

ਧਾਨੀ ਦੇ ਇਸ ਕਦਰ ਨੇੜੇ ਪੁਜੀਆਂ ਸਨ। ਕੇਂਦਰੀ ਕਮੇਟੀ ਨੇ ਮਾਸਕੋ ਦੀ ਹਿਫ਼ਾਜ਼ਤ ਦਾ ਭਾਰ ਸਟਾਲਿਨ ਨੂੰ ਸੌਂਪਿਆ। ਸਟਾਲਿਨ ਨੇ ਇਹ ਸ਼ਰਤ ਰਖੀ ਕਿ 'ਟਰਾਟਸਕੀ ਨੂੰ ਇਸ ਵਿਚ ਕੋਈ ਦਖ਼ਲ ਨਹੀਂ ਦੇਣ ਦਿਤਾ ਜਾਏਗਾ'। ਉਸ ਨੇ ਟਰਾਟਸਕੀ ਦੇ ਫੌਜੀ ਮਾਹਿਰਾਂ ਦਾ ਖ਼ਾਕਾ ਰਦ ਕਰ ਦਿਤਾ। ਡਾਨ ਦੇ ਕੱਜ਼ਾਕ ਸੂਬੇ ਤੋਂ ਹੋ ਕੇ, ਜਿਥੋਂ ਦੇ ਲੋਕ ਸੋਵੀਅਟ ਦੇ ਵਿਰੋਧੀ ਸਨ, ਹਮਲਾ ਕਰਨ ਦੇ ਬਦਲੇ ਉਸਨੇ ਡੋਨੇਟਜ਼ ਦਾ ਰਸਤਾ ਅਖ਼ਤਿਆਰ ਕੀਤਾ, ਜਿਥੋਂ ਦੀਆਂ ਕਾਨਾਂ ਵਿਚ ਕੰਮ ਕਰਨ ਵਾਲੇ ਮਜ਼ਦੂਰ ਲਾਲ ਫ਼ੌਜ ਦਾ ਸੁਆਗਤ ਕਰਦੇ ਸਨ ਤੇ ਦੁਸ਼ਮਨ ਦੇ ਆਉਣ ਜਾਣ ਵਿਚ ਕਦਮ ਕਦਮ ਤੇ ਰੁਕਾਵਟਾਂ ਪਾਂਦੇ ਸਨ, ਸਟਾਲਿਨ ਦੇ ਇਸ ਫ਼ੈਸਲੇ ਨੇ ਅਜੇਹੀ ਹਾਲਤ ਪੈਦਾ ਕਰ ਦਿਤੀ ਕਿ ਡੈਨਕਿਨ ਦੀ ਫ਼ੌਜ ਨੂੰ ਬਿਲਕੁਲ ਹਾਰ ਹੋ ਗਈ।

ਸਟਾਲਿਨ ਨੂੰ ਜਿਹੜਾ ਪਹਿਲਾ "ਆਰਡਰ ਆਫ ਦੀ ਰੈਡਸਟਾਰ" ਮਿਲਿਆ, ਉਸ ਵਿਚ ਇਸ ਤਰ੍ਹਾਂ ਕਿਹਾ ਗਿਆ ਹੈ :

"ਇਕ ਵਾਰ ਲਾਲ ਫ਼ੌਜ ਨੂੰ ਦੁਸ਼ਮਨਾਂ ਦੀ ਜ਼ਬਰਦਸਤ ਫ਼ੌਜਾਂ ਨੇ ਘੇਰ ਲਿਆ ਸੀ, ਲਾਲ ਫ਼ੌਜ ਦੀ ਹਾਲਤ ਡਾਵਾਂ ਡੋਲ ਸੀ। ਪ੍ਰੇਜ਼ੀਡੀਅਮ ਵਲੋਂ ਸਟਾਲਿਨ ਨੂੰ ਹਾਲਤ ਸੰਭਾਲਣ ਵਾਸਤੇ ਭੇਜਿਆ ਗਿਆ।

ਆਪ ਨੇ ਜੋਸ਼ ਤੇ ਅਥੱਕ ਮਿਹਨਤ ਨਾਲ ਲਾਲ ਫ਼ੌਜ ਨੂੰ ਮੁੜ ਇਕੱਠਿਆਂ ਕੀਤਾ, ਉਹ ਲੜਨ ਲਈ ਆਪ ਪਹਿਲੀ ਸਫ ਵਿਚ ਮੌਜੂਦ ਸੀ, ਇਸ ਨੇ ਆਪਣੀ ਹਿੰਮਤ, ਤੇ ਪਰਭਾਵ ਨਾਲ ਸਾਰੀ ਫ਼ੌਜ ਵਿਚ ਬੇ-ਓੜਕ ਜੋਸ਼ ਭਰ ਦਿੱਤਾ, ਜਿਸ ਕਰਕੇ ਉਹ ਸੋਸ਼ਲਿਸਟ ਇਨਕਲਾਬ ਦੀ ਹਿਫ਼ਾਜ਼ਤ ਲਈ ਜਾਨ ਤੋੜ ਕੇ ਲੜਨ ਲੱਗੀ।"

ਸਟਾਲਿਨ ਨੇ ਦੋ "ਰੈਡ ਬੈਨਰ" ਹਾਸਲ ਕੀਤੇ। ੧੯੨੦ ਤੋਂ ਲੈਕੇ ੧੯੨੩ ਤੀਕ ਉਹ ਜੰਗੀ ਕੌਂਸਲ ਦਾ ਪ੍ਰਤੀਨਿਧ ਰਿਹਾ।

ਸਟਾਲਿਨ ਦੇ ਦੁਸ਼ਮਨਾਂ ਅਤੇ ਸੋਸ਼ਲਿਜ਼ਮ ਦੇ ਮੁਖ਼ਾਲਿਫ਼ਾਂ ਨੇ ਸਟਾਲਿਨ ਦੇ ਜੌਹਰ, ਫ਼ੌਜੀ ਲਿਆਕਤ, ਬੀਰਤਾ ਉਪਰ ਪਰਦਾ ਪਾਣ ਦੀ ਬੜੀ

ਕੋਸ਼ਿਸ਼ ਕੀਤੀ ਹੈ । ੧੯੪੧ ਦੀ ਅਠਵੀਂ ਨਵੰਬਰ ਨੂੰ ਚਰਚਿਲ ਨੇ ਸਟਾਲਿਨ ਨੂੰ "ਮਹਾਨ ਯੋਧੇ" ਦਾ ਵਿਸ਼ੇਸ਼ਣ ਵਰਤਿਆ ਸੀ । ਖ਼ਾਨਾ-ਜੰਗੀ ਦੇ ਸਮੇਂ ਵੀ ਉਹਨੇ ਆਪਣੀ ਸਿਪਾਹੀਆਨਾ ਯੋਗਤਾ ਦਾ ਉਹੋ ਜਿਹਾ ਹੀ ਚਮਤਕਾਰ ਵਿਖਾਇਆ ਸੀ, ਜਿਸ ਤਰ੍ਹਾਂ ਕਿ ਅਜ ਦੁਨੀਆਂ ਨੂੰ ਹੈਰਾਨ ਕਰ ਦਿਤਾ ਹੈ ।

੧੯੨੧ ਨੂੰ ਸਟਾਲਿਨ ਦੀ ਕੁਝ ਦਿਨਾਂ ਦੀ ਬੀਮਾਰੀ ਸਮੇਂ ਅਤੇ ੧੯੨੨ ਦੇ ਬਾਅਦ ਲੈਨਿਨ ਦੀ ਖ਼ਤਰਨਾਕ ਬੀਮਾਰੀ ਵੇਲੇ ਇਹਨਾਂ ਦੋਹਾਂ ਆਗੂਆਂ ਦੀ ਸਾਂਝ ਤੇ ਮਿੱਤਰਤਾ ਹੋਰ ਵੀ ਗੂਹੜੀ ਹੋ ਗਈ। ੧੯੨੨ ਵਿਚ ਕਮਿਊਨਿਸਟ ਪਾਰਟੀ ਨੇ ਸਟਾਲਿਨ ਨੂੰ ਆਪਣੀ ਕੇਂਦਰੀ ਕਮੇਟੀ ਦਾ ਜਨਰਲ ਸੈਕ੍ਰੇਟਰੀ ਮੁਕੱਰਰ ਕੀਤਾ । ਇਸ ਤੋਂ ਸਾਫ਼ ਪਤਾ ਲਗਦਾ ਹੈ ਕਿ ਉਹਦੀ ਯੋਗਤਾ ਅਤੇ ਉਹਦੇ ਬਹੁ-ਮੁੱਲੇ ਕੰਮਾਂ ਤੇ ਕਿੰਨਾਂ ਵਿਸ਼ਵਾਸ ਕੀਤਾ ਜਾ ਰਿਹਾ ਸੀ। ਓਸੇ ਸਾਲ ਦਸੰਬਰ ਵਿਚ ਸੋਸ਼ਲਿਸਟ ਸੋਵੀਅਟ ਰੀਪਬਲਿਕ ਯੂਨੀਅਨ ਕਾਇਮ ਹੋਈ । 'ਕੌਮਾਂ ਦਾ ਵਜ਼ੀਰ' ਹੋਣ ਦੀ ਹੈਸੀਅਤ ਵਿਚ ਯੂਨੀਅਨ ਦੇ ਸਥਾਪਨ ਕਰਨ ਵਿਚ ਸਟਾਲਿਨ ਦਾ ਜ਼ਬਰਦਸਤ ਹੱਥ ਸੀ।

ਪਾਰਟੀ ਦਾ ਜੈਨਰਲ ਸੈਕ੍ਰੇਟਰੀ

੧੯੨੪ ਵਿਚ ਲੈਨਿਨ ਪੂਰਾ ਹੋ ਗਿਆ। ਲੈਨਿਨ ਦੇ ਪਿਛੋਂ ਜਦ ਦੂਸਰੀ ਕਾਂਗਰਸ ਦਾ ਇਜਲਾਸ ਹੋਇਆ ਤਾਂ ਉਸ ਵਿਚ ਸਟਾਲਿਨ ਨੇ ਤਕਰੀਰ ਕਰਦਿਆਂ ਇਹ ਪ੍ਰਣ ਕੀਤਾ ਕਿ "ਮੈਂ ਕਮਿਊਨਿਸਟ ਪਾਰਟੀ ਦੀ ਮੈਂਬਰੀ ਦੀ ਇਜ਼ਤ ਕਰਾਂਗਾ, ਪਾਰਟੀ ਮੈਂਬਰ ਦੀ ਹੈਸੀਅਤ ਵਿਚ ਈਮਾਨਦਾਰੀ ਤੇ ਪੂਰੀ ਜਾਨ ਨਾਲ ਕੰਮ ਕਰਾਂਗਾ, ਪਾਰਟੀ ਦੇ ਇਤਹਾਦ ਤੇ ਏਕਤਾ ਨੂੰ ਕਾਇਮ ਰਖਾਂਗਾ, ਮਜ਼ਦੂਰ-ਰਾਜ ਦੀ ਹਿਫ਼ਾਜ਼ਤ, ਮਜ਼ਦੂਰਾਂ ਕਿਸਾਨਾਂ ਦੇ ਪ੍ਰਸਪਰ ਮਿਲਾਪ ਨੂੰ ਮਜ਼ਬੂਤ ਅਤੇ ਸੋਵੀਅਟ ਯੂਨੀਅਨ ਦੀਆਂ ਸਾਰੀਆਂ ਖ਼ੁਦਮੁਖਤਾਰ ਜਮਹੂਰੀ ਰਿਆਸਤਾਂ ਨੂੰ ਹੋਰ ਵੀ ਬਹੁਤਾ

ਮੁਤਹਿਦ, ਲਾਲ ਫ਼ੌਜ ਤੇ ਲਾਲ ਬੇੜੇ ਨੂੰ ਮਜ਼ਬੂਤ ਕਰਾਂਗਾ, ਮੈਂ ਕਮਿਊਨਿਸਟ ਇੰਟਰ-ਨੈਸ਼ਨਲ ਦੇ ਸਾਰੇ ਅਸੂਲਾਂ ਅਨੁਸਾਰ ਕੰਮ ਕਰਾਂਗਾ।"

ਉਸੇ ਸਾਲ "ਲੈਨਿਨਵਾਦ ਦੇ ਆਧਾਰ" ਪੁਰ ਉਸ ਨੇ ਕਈ ਲੈਕਚਰ ਦਿਤੇ ਅਤੇ ਉਸੇ ਤਰ੍ਹਾਂ ਉਸ ਨੇ ਸੋਵੀਅਟ ਦੇ ਨੌਜਵਾਨਾਂ ਸਾਹਮਣੇ ਲੈਨਿਨ ਦੀ ਸਿਖਿਆ ਦੇ ਸਿਧਾਂਤਾਂ ਦੀ ਵਿਆਖਿਆ ਕੀਤੀ। ਇਸ ਸਮੇਂ ਸਾਫ਼ ਜ਼ਾਹਿਰ ਹੋਣ ਲੱਗਾ ਕਿ ਪਾਰਟੀ ਦੇ ਕਈ ਮਸ਼ਹੂਰ ਆਦਮੀ ਪਾਰਟੀ ਦੇ ਸਿਧਾਂਤਾਂ ਨਾਲ ਮਤ-ਭੇਦ ਰਖਦੇ ਹਨ। ਉਹਨਾਂ ਵਿਚ ਬਹੁਤੇ ਉਹ ਲੋਕ ਸਨ, ਜਿਹੜੇ ਪਹਿਲਾਂ ਹੀ ਡਾਵਾਂ-ਡੋਲ ਰਹਿੰਦੇ ਸਨ। ਇਹਨਾਂ ਵਿਚ ਇਕ ਟ੍ਰਾਟਸਕੀ ਵੀ ਸੀ, ਜਿਹੜਾ ਕੁਝ ਦਿਨ ਹੀ ਪਹਿਲਾਂ ਪਾਰਟੀ ਵਿਚ ਨਵਾਂ ਦਾਖ਼ਲ ਹੋਇਆ ਸੀ – ਸੋਵੀਅਟ ਦੀ ਉੱਨਤੀ ਵਿਚ ਰੋੜਾ ਅਟਕਾਣ ਲਈ ਇਹਨਾਂ ਲੋਕਾਂ ਨੇ ਇਕ ਵਿਰੋਧੀ-ਪਾਰਟੀ ਬਣਾ ਲਈ।

ਇਨਕਲਾਬ ਤੇ ਸ਼ੋਸ਼ਲਿਜ਼ਮ ਦੇ ਮੁਖ਼ਾਲਿਫ਼

ਵਿਰੋਧੀ ਪਾਰਟੀ ਵਿਚ "ਗਰਮ ਤੇ ਨਰਮ" ਦਾ ਭੇਦ ਸੀ, ਪਰ ਬੁਨਿਆਦ ਦੁਹਾਂ ਦੀ ਇਕੋ ਸੀ, ਤੇ ਇਹਨਾਂ ਵਿਚ ਇਕ ਬੁਨਿਆਦੀ ਫ਼ਤੂਰ ਸੀ – ਇਨਕਲਾਬ ਵਿਚ ਅ-ਵਿਸ਼ਵਾਸ, ਜਨਤਾ ਦੀ ਯੋਗਤਾ ਵਿਚ ਅਵਿਸ਼ਵਾਸ, ਮਜ਼ਦੂਰ ਤਬਕੇ ਦੀ ਤਾਕਤ ਵਿਚ ਨਾ-ਭਰੋਸਾ। ਲੈਨਿਨ ਵਾਂਗ ਸਟਾਲਿਨ ਦਾ ਕਹਿਣਾ ਸੀ, ਕਿ ਇਹ ਠੀਕ ਨਹੀਂ ਹੈ, ਕਿ ਜਦ ਤੀਕ ਦੁਨੀਆ ਵਿਚ ਸੋਸ਼ਲਿਸਟ ਅਵਸਥਾ ਕਾਇਮ ਨਹੀਂ ਹੋ ਜਾਂਦੀ ਤਦ ਤੀਕ ਕਿਸੇ ਇਕ ਮੁਲਕ ਵਿਚ ਸੋਸ਼ਲਿਜ਼ਮ ਅੰਤਮ ਰੂਪ ਵਿਚ ਮਹਿਫ਼ੂਜ਼ ਨਹੀਂ ਹੋ ਸਕਦਾ। ਫੇਰ ਵੀ ਸੋਵੀਅਟ ਯੂਨੀਅਨ ਦੇ ਅੰਦਰ ਸੋਸ਼ਲਿਜ਼ਮ ਸਥਾਪਨ ਹੋਣ ਦੀ ਪੂਰਨ ਆਸ ਹੈ, ਏਸ ਲਈ ਸਾਡਾ ਫ਼ਰਜ਼ ਹੈ, ਕਿ ਜਿਸ ਹਿਸੇ ਵਿਚ ਮਜ਼ਦੂਰ ਤਬਕੇ ਨੂੰ ਅਖ਼ਤਿਆਰ ਤੇ ਹਕੂਕ ਹਾਸਲ ਹੋ ਚੁਕੇ ਹਨ, ਉਥੇ ਸੋਸ਼ਲਿਜ਼ਮ ਦੀ ਉਸਾਰੀ ਦਾ ਕੰਮ ਸ਼ੁਰੂ ਕੀਤਾ ਜਾਵੇ। ਟਰਾਟਸਕੀ

ਦੀ ਪਾਰਟੀ ਦਾ ਖ਼ਿਆਲ ਸੀ, ਕਿ ਜਦ ਤੀਕ ਗੁਆਂਢੀ ਦੇਸ਼ਾਂ ਵਿਚ ਸਰਮਾਏਦਾਰੀ ਮੌਜੂਦ ਹੈ, ਤਦ ਤੀਕ ਰੂਸ ਵਿਚ ਸੋਸ਼ਲਿਜ਼ਮ ਦੀ ਉਸਾਰੀ ਨਹੀਂ ਕੀਤੀ ਜਾ ਸਕਦੀ।

'ਗਰਮ-ਦਲ' ਵਾਲਿਆਂ ਦਾ ਕਹਿਣਾ ਸੀ, ਕਿ ਰੂਸ ਵਿਚ ਸੋਸ਼ਲਿਸਟ ਉਸਾਰੀ ਕਰਨੀ ਵਿਅਰਥ ਹੈ, ਏਸ ਲਈ ਸਾਨੂੰ ਆਪਣੀ ਸਾਰੀ ਤਾਕਤ ਗੁਆਂਢੀ ਮੁਲਕਾਂ ਚੋਂ ਸਰਮਾਏਦਾਰੀ ਨੂੰ ਖ਼ਤਮ ਕਰਨ ਤੇ ਲਾਣੀ ਚਾਹੀਦੀ ਹੈ। "ਨਰਮ ਦਲ" ਵਾਲੇ ਆਂਹਦੇ ਸਨ ਕਿ ਗੁਆਂਢੀ ਮੁਲਕਾਂ ਚੋਂ ਸਰਮਾਏਦਾਰੀ ਨੂੰ ਖ਼ਤਮ ਕਰਨਾ ਅਸੰਭਵ ਹੈ, ਤੇ ਨਾ ਹੀ ਏਥੇ ਸੋਸ਼ਲਿਜ਼ਮ ਸਥਾਪਨ ਕੀਤਾ ਜਾ ਸਕਦਾ ਹੈ; ਏਸ ਲਈ ਸਾਡੇ ਸਾਹਮਣੇ ਸਿਰਫ਼ ਇਕੋ ਹੀ ਰਾਹ ਹੈ, ਕਿ ਅਸੀ ਇਨਕਲਾਬ ਤੋਂ ਤੋਬਾ ਕਰ ਕੇ ਸਰਮਾਏਦਾਰ ਤਾਕਤਾਂ ਨਾਲ ਸਮਝੌਤਾ ਕਰ ਲਈਏ।

"ਗਰਮ ਲੋਕਾਂ ਦੇ ਨੇਤਾ ਟਰਾਸਟਕੀ, ਜ਼ਿਨੋਵੇਵ, ਤੇ ਕਾਮੇਨੇਵ ਸਨ ਅਤੇ "ਨਰਮ" ਲੋਕਾਂ ਦੇ ਰਾਈਕੋਵ, ਬੁਖ਼ਾਰਿਨ ਤੇ ਟੋਮਸਕੀ – ਲੇਕਿਨ ਦੋਹਾਂ ਦਲਾਂ ਦੀ ਬੁਨਿਆਦ ਇਕੋ ਹੀ ਸੀ – ਆਪਾ-ਵਿਸ਼ਵਾਸ ਦਾ ਨਾ ਹੋਣਾ ਤੇ ਜਨਤਾ ਦੀ ਤਾਕਤ ਤੇ ਭਰੋਸੇ ਦੀ ਘਾਟ। ਹਰੇਕ ਮਸਲੇ ਪੁਰ ਉਹਨਾਂ ਵਿਚ ਕਈ ਛੋਟੀਆਂ ਛੋਟੀਆਂ ਟੋਲੀਆਂ ਬਣ ਜਾਂਦੀਆਂ ਸਨ।

ਇਸ ਤਰ੍ਹਾਂ ਦੀ ਵਿਰੋਧਤਾ ਲੈਨਿਨ ਦੀ ਮੌਤ ਤੋਂ ਬਾਅਦ ਹੀ ਪੈਦਾ ਨਹੀਂ ਹੋਈ, ਬਲਕਿ ਪਹਿਲਾਂ ਵੀ ਅਨਗਿਣਤ ਮੌਕਿਆਂ ਤੇ ਵਿਰੋਧੀਆਂ ਦਾ ਇਹੋ ਹੀ ਰੁਖ਼ ਰਿਹਾ। ਟਰਾਟਸਕੀ ੧੯੧੭ ਵਿਚ ਹੀ ਬਾਲਸ਼ਵਿਕ ਪਾਰਟੀ ਦਾ ਮੈਂਬਰ ਬਣਿਆ ਸੀ। ਇਸ ਤੋਂ ਪਹਿਲਾਂ ਉਸ ਨੇ ਆਪਣੀ ਸਾਰੀ ਅਕਲ ਤੇ ਚਤਰਾਈ ਲੈਨਿਨ ਦੇ ਖ਼ਿਆਲਾਂ ਤੇ ਪਾਲਿਸੀ ਨੂੰ ਘ੍ਰਿਣਾ ਭਰਿਆ ਦਸ ਕੇ ਨਿੰਦਿਆ ਕਰਨ ਵਿਚ ਹੀ ਖ਼ਰਚ ਕੀਤੀ ਸੀ। ਪਾਰਟੀ ਵਿਚ ਦਾਖ਼ਲ ਹੋਣ ਤੇ ਵੀ ਇਸ ਨੇ ਸਟਾਲਿਨ ਦੀ ਪਾਲਿਸੀ ਦੀ ਜਿਹੜੀ ਲੈਨਿਨ ਦੇ ਅਸੂਲਾਂ ਤੇ ਬਣੀ ਸੀ – ਵਿਰੋਧਤਾ ਕਰਨ ਦਾ ਪੇਸ਼ਾ ਅਖ਼ਤਿਆਰ ਕਰ ਲਿਆ। ਜਿਹੜਾ ਕੰਮ ਉਹ ਪਾਰਟੀ ਤੋਂ ਬਾਹਰ ਰਹਿ ਕੇ

ਨਹੀਂ ਸੀ ਕਰ ਸਕਦਾ, ਪਾਰਟੀ ਦੇ ਅੰਦਰ ਆ ਕੇ ਕਰਨਾ ਚਾਹੁੰਦਾ ਸੀ। ਟਰਾਟਸਕੀ ਦੇ ਪਿਛੋਂ ਕਾਮੇਨੇਵ ਤੇ ਜ਼ਿਨੋਵੇਵ ਦਾ ਨੰਬਰ ਆਉਂਦਾ ਹੈ, ਇਹ ਲੋਕੀ ਨਵੰਬਰ ਦੇ ਸੋਸ਼ਲਿਸਟ ਇਨਕਲਾਬ ਦੇ ਸਖ਼ਤ ਮੁਖ਼ਾਲਿਫ਼ ਸਨ, ਉਹ ਆਖਦੇ ਸਨ ਕਿ ਮਜ਼ਦੂਰ ਜਿਤ ਹਾਸਲ ਨਹੀਂ ਕਰ ਸਕਦੇ – ਇਨਕਲਾਬ ਟੁਟ-ਫੁਟ ਕੇ ਖ਼ਤਮ ਹੋ ਜਾਵੇਗਾ, ਏਸ ਲਈ ਕੋਈ ਇਨ-ਕਲਾਬੀ ਕਦਮ ਨਹੀਂ ਚੁਕਣਾ ਚਾਹੀਦਾ। ਇਹਨਾਂ ਦੀ ਮੁਖ਼ਾਲਫ਼ਿਤ ਦੇ ਬਾਵਜੂਟ ਪਾਰਟੀ ਦੀ ਬਹੁ-ਗਿਣਤੀ ਨੇ ਇਨਕਲਾਬ ਦੇ ਹਕ ਵਿਚ ਫ਼ੈਸਲਾ ਕਰ ਲਿਆ ਤਾਂ ਇਹਨਾਂ ਨੇ ਕਰਨਿਸਕੀ ਦੀ ਆਰਜ਼ੀ ਸਰਮਾਏਦਾਰ ਹਕੂਮਤ ਨੂੰ ਖ਼ਬਰ ਕਰ ਦਿਤੀ ਕਿ ਬਾਲਸ਼ਵਿਕ ਬਗਾਵਤ ਦੀ ਤਿਆਰੀ ਕਰ ਰਹੇ ਹਨ; ਪਰ ਇਨਕਲਾਬ ਦਾ ਫ਼ੈਸਲਾ ਕਰਨ ਵਾਲੇ ਲੈਨਿਨ ਤੇ ਸਟਾਲਿਨ ਅਜੇਹੇ ਦੋ ਆਦਮੀ ਸਨ, ਜਿਨ੍ਹਾਂ ਨੂੰ ਇਨ੍ਹਾਂ ਇਨਕਲਾਬੀ ਕਦਮ ਚੁਕਣ ਵਿਚ ਰਤਾ ਭਰ ਵੀ ਕਿਸੇ ਕਿਸਮ ਦੀ ਝਿਜਕ ਨਹੀਂ ਸੀ ਹੋਈ।

ਵਿਰੋਧੀ ਲੈਨਿਨ ਦੀ ਜ਼ਿੰਦਗੀ ਵਿਚ ਹੀ, ਇਨਕਲਾਬ ਦੇ ਦੁਸ਼ਮਨਾਂ ਨਾਲ ਰਲ ਕੇ ਸ਼ਾਜ਼ਸ਼ ਕਰਨ ਵਿਚ ਲਗੇ ਹੋਏ ਸਨ ਅਤੇ ਲੇਨਿਨ ਨੂੰ ਫੜ ਕੇ ਉਹਨੂੰ "ਖ਼ਤਮ" ਕਰਨ ਤੇ ਤੁਲੇ ਹੋਏ ਸਨ; ਤਾਕਿ ਉਹ ਗ਼ੈਰ-ਮੁਲਕੀ ਸਰਮਾਇਦਾਰਾਂ ਨਾਲ ਆਪਣੇ ਸਮਝੋਤੇ ਦੀ ਰਾਹ ਕਢ ਲੈਣ, ੧੯੨੦ ਵਿਚ ਹੀ ਇਹਨਾਂ ਲੋਕਾਂ ਨੇ, ਬੜੇ ਵਡੇ ਪੈਮਾਨੇ ਤੇ ਬਿਜਲੀ ਪੈਦਾ ਕਰਨ ਤੇ ਉਹਨੂੰ ਵਰਤਣ ਦੀ ਸਕੀਮ ਨੂੰ ਇਕ 'ਸੁਪਨਾ' ਸਮਝ ਕੇ ਉਹਦੀ ਮੁਖ਼ਾਲਿਫ਼ਤ ਕਰਨੀ ਸ਼ੁਰੂ ਕਰ ਦਿਤੀ।

ਟਰਾਟਸਕੀ ਨੂੰ ਮਜ਼ਦੂਰਾਂ ਤੇ ਏਨਾ ਵੀ ਵਿਸ਼ਵਾਸ ਨਹੀਂ ਸੀ, ਕਿ ਉਹ ਉਹਨਾਂ ਦੀ ਸਾਂਝੀ ਰਾਏ ਅਤੇ ਫ਼ੈਸਲੇ ਨੂੰ ਸੁਣ ਸਕੇ ਜਾਂ ਸਾਂਝੇ ਤਰੀਕੇ ਪੁਰ ਇਹਨਾਂ ਨੂੰ ਆਪਣਾ ਹਮ-ਖ਼ਿਆਲ ਬਣਾ ਸਕੇ। ਏਸ ਲਈ ਇਹਨੇ ਟ੍ਰੇਡ-ਯੂਨੀਅਨ ਨੂੰ ਤੋੜ ਕੇ ਇਹਦੇ ਤੇ ਫ਼ੌਜੀ ਡਸਿਪਲਿਨ ਨੂੰ ਲੱਦਣ ਦੀ ਕੋਸ਼ਿਸ਼ ਕੀਤੀ।

ਇਹਨਾਂ ਖ਼ਤਰਨਾਕ ਹਾਲਾਤ ਵਿਚ ਪਾਰਟੀ ਤੇ ਮੁਲਕ ਨੂੰ ਬਚਾਣ

ਅਤੇ ਇਹਨਾਂ ਨੂੰ ਠੀਕ ਰਾਹ ਤੇ ਚਲਾਣ ਦੀ ਜ਼ਿੰਮੇਵਾਰੀ ਸਟਾਲਿਨ ਦੇ ਮੋਢਿਆਂ ਤੇ ਆ ਪਈ। ਕੇਰਫ਼ੋਨੇ – ਜੀਹਨੂੰ ਮੁਖ਼ਾਲਿਫ਼ ਪਾਰਟੀ ਦੇ ਲੋਕਾਂ ਨੇ ਸਾਜ਼ਸ਼ ਕਰ ਕੇ ਕਤਲ ਕਰ ਦਿੱਤਾ – ੧੯੩੩ ਵਿਚ ਕਿਹਾ ਸੀ!

"ਸਟਾਲਿਨ ਦੀ ਮਹਾਨਤਾ ਨੂੰ ਸਮਝਣਾ ਆਸਾਨ ਨਹੀਂ ਹੈ। ਲੈਨਿਨ ਦੀ ਮੌਤ ਪਿਛੋਂ ਸਾਡੀ ਜੱਦੋ-ਜਿਹਦ ਦਾ ਕੋਈ ਅਜੇਹਾ ਪਹਿਲੂ ਨਹੀਂ, ਜਿਸ ਵਿਚ ਸਟਾਲਿਨ ਨੇ ਸਾਡੀ ਰਹਿਨੁਮਾਈ ਨਾ ਕੀਤੀ ਹੋਵੇ। ਉਸਾਰੂ ਪ੍ਰੋਗਰਾਮ ਦਾ ਕੋਈ ਅਜੇਹਾ ਨਾਅਰਾ, ਅਤੇ ਸਾਡੀ ਕੋਈ ਪਾਲਿਸੀ ਅਜੇਹੀ ਨਹੀਂ ਜਿਸ ਨੂੰ ਸਟਾਲਿਨ ਨੇ ਆਪ ਨਾ ਬਣਾਇਆ ਹੋਵੇ।"

ਪਾਰਟੀ ਦੇ ਸਾਰੇ ਮੈਂਬਰਾਂ ਨੂੰ ਇਹਦੀ ਖ਼ਬਰ ਕਰਨੀ ਜ਼ਰੂਰੀ ਹੈ, ਕਿ ਪਾਰਟੀ ਦੇ ਸਾਰੇ ਅਹਿਮ ਕੰਮ ਖ਼ੁਦ ਕਾਮਰੇਡ ਸਟਾਲਿਨ ਦੀ ਹਿਦਾਇਤ ਤੇ ਰਹਿਨੁਮਾਈ ਵਿਚ ਕੀਤੇ ਜਾਂਦੇ ਸਨ। ਇੰਟਰ ਨੈਸ਼ਨਲ ਪਾਲਿਸੀ ਦੀਆਂ ਸਭ ਵਿਸ਼ੇਸ਼ ਕਾਰਵਾਈਆਂ ਦਾ ਫ਼ੈਸਲਾ ਸਟਾਲਿਨ ਦੀ ਸਲਾਹ ਨਾਲ ਹੀ ਕੀਤਾ ਜਾਂਦਾ ਸੀ। ਸਟਾਲਿਨ ਸਿਰਫ਼ ਵਡੇ ਵਡੇ ਮਸਲਿਆਂ ਵਿਚ ਹੀ ਦਿਲਚਸਪੀ ਨਹੀਂ ਸੀ ਲੈਂਦਾ, ਬਲਕਿ ਸਾਰੇ ਛੋਟੇ ਛੋਟੇ ਮਸਲਿਆਂ ਤੇ ਵੀ, ਜਿਨ੍ਹਾਂ ਨੂੰ ਅਸੀ ਲੋਕ ਤੀਸਰੇ ਤੇ ਇਸ ਤੋਂ ਵੀ ਹੇਠਲੇ ਦਰਜੇ ਦਾ ਮਸਲਾ ਸਮਝਦੇ ਹਾਂ, ਅਤੇ ਜਿਨ੍ਹਾਂ ਦਾ ਸੰਬੰਧ ਸਾਡੇ ਮਜ਼ਦੂਰਾਂ ਤੇ ਕਿਸਾਨਾਂ ਦੀ ਜ਼ਿੰਦਗੀ ਨਾਲ ਹੁੰਦਾ ਹੈ, ਸਟਾਲਿਨ ਦੇ ਧਿਆਨ ਦਾ ਖ਼ਾਸ ਕੇਂਦਰ ਬਣ ਜਾਂਦਾ ਸੀ।"

ਸੋਸ਼ਲਿਜ਼ਮ ਦੀ ਉਸਾਰੀ

੧੯੨੫ ਈ: ਵਿਚ ਸਾਵੀਅਟ ਹਕੂਮਤ ਅਤੇ ਬਾਲਸ਼ਵਿਕ ਪਾਰਟੀ ਦੇ ਸਾਹਮਣੇ ਸਭ ਤੋਂ ਵਡਾ ਕੰਮ ਇਹ ਸੀ ਕਿ ਆਪਣੇ ਜ਼ਰਾਇਤੀ ਮੁਲਕ ਵਿਚ ਨਵੀਨ ਸਨਅਤ ਨੂੰ ਤਰੱਕੀ ਦਿਤੀ ਜਾਏ! ਸਟਾਲਿਨ ਮੁਢ ਤੋਂ ਹੀ ਲੈਨਿਨ ਦੇ ਇਸ ਖ਼ਿਆਲ ਦਾ ਹਮਾਇਤੀ ਸੀ ਕਿ ਜੇ ਦੁਨੀਆ ਦੇ ਬਾਕੀ

ਹਿੱਸਿਆਂ ਵਿਚ ਮਜ਼ਦੂਰ-ਰਾਜ ਨਾ ਵੀ ਕਾਇਮ ਹੋਵੇ ਤਾਂ ਵੀ ਸਾਵੀਅਟ ਯੂਨੀਅਨ ਵਿਚ ਸੋਸ਼ਲਿਜ਼ਮ ਦੀ ਉਸਾਰੀ ਕੀਤੀ ਜਾ ਸਕਦੀ ਹੈ। ਸਟਾਲਿਨ ਨੇ ਦਸਿਆ ਕਿ "ਜਦ ਤਕ ਅਸੀ ਇਸ ਗਲ ਨੂੰ ਸਾਹਮਣੇ ਨਹੀਂ ਰਖਾਂਗੇ, ਅਸੀ ਕਿਸੇ ਉਸਾਰੂ ਕੰਮ ਨੂੰ ਸਿਰੇ ਨਹੀਂ ਚਾੜ੍ਹ ਸਕਾਂਗੇ; ਜਦ ਤਕ ਕਿਰਤੀ ਧੜੇ ਦੇ ਸਾਹਮਣੇ ਸੋਸ਼ਲਿਜ਼ਮ ਦੀ ਉਸਾਰੀ ਦੀ ਕੋਈ ਮੁਕੰਮਲ ਸਕੀਮ ਨਹੀਂ ਰਖੀ ਜਾਂਦੀ, ਉਦੋਂ ਤਕ ਕਿਰਤੀ ਜਨਤਾ ਕਿਸੇ ਉਸਾਰੂ ਜਤਨ ਵਿਚ ਜੋਸ਼ ਨਾਲ ਹਿਸਾ ਨਹੀਂ ਲਏਗੀ। ਜੇ ਸੋਸ਼ਲਿਸਟ ਉਸਾਰੀ ਦੀ ਸੰਭਾਵਨਾਂ ਦਾ ਸਾਨੂੰ ਯਕੀਨ ਨਾ ਹੋਵੇ ਤਾਂ ਜਨਤਾ ਵਿਚ ਸੋਸ਼ਲਿਸਟ ਉਸਾਰੀ ਦਾ ਦ੍ਰਿੜ੍ਹ ਇਰਾਦਾ ਪੈਦਾ ਹੀ ਨਹੀਂ ਹੋਵੇਗਾ। ਅਜੇਹਾ ਕਿਹੜਾ ਬੰਦਾ ਹੋਵੇਗਾ ਜਿਹੜਾ ਅਜੇਹੇ ਕੰਮਾਂ ਵਿਚ ਜੁਟਣਾ ਪਸੰਦ ਕਰੇ, ਜਿਨ੍ਹਾਂ ਦੇ ਸਿਰੇ ਨਾ ਚੜ੍ਹਨ ਦਾ ਉਸ ਨੂੰ ਪੂਰਾ ਯਕੀਨ ਹੋਵੇ ?"

ਸਾਵੀਅਟ ਯੂਨੀਅਨ ਵਿਚ ਸੋਸ਼ਲਿਜ਼ਮ ਦੀ ਉਸਾਰੀ ਕਰਨਾ ਦੁਨੀਆ ਦੀ ਕਿਰਤੀ ਲਹਿਰ ਨਾਲ ਵਿਸਾਹਘਾਤ ਕਰਨਾ ਨਹੀਂ, ਸਗੋਂ ਉਸ ਨੂੰ ਤਾਕਤਵਰ ਬਣਾਨਾ ਸੀ। ਸਟਾਲਿਨ ਨੇ ਚੌਧਵੀਂ ਪਾਰਟੀ ਕਾਂਗਰਸ ਵਿਚ ਬੋਲਦਿਆਂ ਕਿਹਾ ਸੀ ਕਿ "ਸਾਵੀਅਟ ਯੂਨੀਅਨ ਵਿਚ ਸੋਸ਼ਲਿਜ਼ਮ ਦੀ ਉਸਾਰੀ ਕਰਨ ਨਾਲ ਦੁਨੀਆ ਭਰ ਦੇ ਸਾਂਝੇ ਮੰਤਵ ਨੂੰ ਤਾਕਤ ਪਹੁੰਚੇਗੀ, ਇਸ ਨਾਲ ਕਿਰਤੀ ਲੋਕਾਂ ਨੂੰ ਸਰਮਾਏਦਾਰੀ ਉਤੇ ਜਿੱਤ ਪਾਉਣ ਵਿਚ ਨਾ ਸਿਰਫ ਸਾਵੀਅਟ ਯੂਨੀਅਨ ਵਿਚ ਸਗੋਂ ਸਾਰੀ ਦੁਨੀਆ ਵਿਚ ਮਦਦ ਮਿਲੇਗੀ, ਜਦ ਸਟਾਲਿਨ ਨੇ ਨਵੀਨ ਸਨਅਤ ਦੀ ਉਸਾਰੀ ਦੀ ਮਹਾਨਤਾ ਅਤੇ ਲੋੜ ਨੂੰ ਇਨ੍ਹਾਂ ਲਫ਼ਜ਼ਾਂ ਵਿਚ ਲੋਕਾਂ ਦੇ ਸਾਹਮਣੇ ਰਖਿਆ – "ਅਸੀ ਇਕ ਅਜੇਹੇ ਮੁਲਕ ਵਿਚ ਉਸਾਰੀ ਕਰ ਰਹੇ ਹਾਂ ਜਿਹੜਾ ਚੌਹਾਂ ਪਾਸਿਆਂ ਤੋਂ ਸਰਮਾਏਦਾਰ ਮੁਲਕਾਂ ਨਾਲ ਘਿਰਿਆ ਹੋਇਆ ਹੈ......ਇਸ ਤੋਂ ਸਾਨੂੰ ਇਹ ਸਬਕ ਮਿਲਦਾ ਹੈ ਕਿ ਅਸੀ ਆਪਣੇ ਆਰਥਕ ਨਜ਼ਾਮ ਦੀ ਉਸਾਰੀ ਅਜੇਹੇ ਢੰਗ ਨਾਲ ਕਰੀਏ ਕਿ ਸਾਡਾ ਮੁਲਕ ਸਰਮਾਏਦਾਰੀ ਨਜ਼ਾਮ ਦੀ ਪੂਛਲ ਬਣ ਕੇ ਨਾ ਰਹਿ ਜਾਏ...ਕੰਮਅਜੇਹੇ ਤਰੀਕੇ ਨਾਲ ਕਰੀਏ ਕਿ ਸਾਡਾ

ਨਜ਼ਾਮ ਸਰਮਾਏਦਾਰੀ ਦਾ ਏਜੰਟ ਨਾ ਬਣ ਜਾਏ, ਸਗੋਂ ਇਕ ਸੁਤੰਤਰ ਆਰਥਕ ਪਰਬੰਧ ਤਣ ਕੇ ਉਨਤੀ ਕਰੇ, ਜਿਸ ਦੀਆਂ ਸਾਰੀਆਂ ਲੋੜਾਂ ਦੇਸੀ ਮੰਡੀਆਂ, ਨਵੀਨ ਸਨਅਤ ਤੇ ਖੇਤੀ ਬਾੜੀ ਦੇ ਸਾਂਝੇ ਮਿਲਵਰਤਣ ਨਾਲ ਪੂਰੀਆਂ ਹੋ ਸਕਣ," – ਤਾਂ ਵਿਰੋਧੀ ਧੜੇ ਨੇ ਇਸ ਦਾ ਬਿਲਕੁਲ ਹੀ ਉਲਟ ਮਤਲਬ ਕੱਢਿਆ। ਵਿਰੋਧੀ ਧੜਾ ਸਮਝਦਾ ਸੀ ਕਿ ਸਾਵੀਅਟ ਯੂਨੀਅਨ ਵਿਚ ਸਨਅਤੀ ਉਨਤੀ ਨਾ-ਮੁਮਕਿਨ ਸੀ, ਇਸ ਲਈ ਜ਼ਰਾ-ਇਤੀ ਮੁਲਕ ਹੋਣ ਦੀ ਹੈਸੀਅਤ ਵਿਚ ਉਸ ਨੂੰ ਆਪਣੀਆਂ ਹੋਰ ਲੋੜਾਂ ਪੂਰੀਆਂ ਕਰਨ ਲਈ ਸਰਮਾਏਦਾਰ ਮੁਲਕਾਂ ਦਾ ਮੁਥਾਜ ਰਹਿਣਾ ਤੇ ਕਾਰਖ਼ਾਨਿਆਂ ਦਾ ਬਣਿਆਂ ਮਾਲ ਖਰੀਦਣ ਲਈ ਉਨ੍ਹਾਂ ਤੋਂ ਕਰਜ਼ਾ ਲੈਣਾ ਪਵੇਗਾ। ਪਰ ਇਸ ਖ਼ਿਆਲ ਨੂੰ ਕਬੂਲ ਕਰ ਲੈਣ ਦਾ ਮਤਲਬ ਇਹ ਹੁੰਦਾ ਕਿ ਸਾਵੀਅਟ ਯੂਨੀਅਨ ਇਕ ਨੌ ਆਬਾਦੀ ਬਣ ਕੇ ਰਹਿ ਜਾਂਦੀ ਤੇ ਇਸ ਦੇ ਉਤੇ ਸਾਮਰਾਜੀ ਤਾਕਤਾਂ ਦਾ ਅਸਰ ਤੇ ਮਿੱਕਾ ਜੰਮ ਜਾਂਦਾ।

ਸਟਾਲਿਨ ਦੀਆਂ ਤਜਵੀਜ਼ਾਂ ਨੂੰ ਮੁਲਕ ਦੀ ਹਰ ਨੁੱਕਰ ਵਿਚ ਪਰਵਾਨਗੀ ਮਿਲ ਰਹੀ ਸੀ। ਪਾਰਟੀ ਨੇ ਥਾਂ ਥਾਂ ਕਾਨਫ਼ਰੰਸਾਂ ਕਰ ਕੇ ਬੜੀ ਭਾਰੀ ਬਹੁਸੰਮਤੀ ਨਾਲ ਇਨ੍ਹਾਂ ਨੂੰ ਮਨਜ਼ੂਰ ਕਰ ਲਿਆ ਸੀ।

ਸਨਅਤ ਦੀ ਸਕੀਮ ਕਾਮਿਯਾਬ ਸਾਬਤ ਹੋਈ। ਘਰੇਲੂ ਜੰਗ ਦੀਆਂ ਬਰਬਾਦੀਆਂ ਮਗਰੋਂ ਲੈਲਿਨ ਨੇ ਆਪਣੀ ਨਵੀਨ ਆਰਥਕ ਪਾਲਿਸੀ ਜਾਰੀ ਕੀਤੀ ਸੀ, ਜਿਸ ਦੇ ਰਾਹੀਂ ਸਾਰੇ ਉਸਾਰੂ ਵਸੀਲਿਆਂ ਨੂੰ ਸਨਅਤ ਦੀ ਉਨਤੀ ਲਈ ਵਰਤਿਆ ਗਿਆ। ਮੁਲਕ ਦੇ ਸਰਮਾਏਦਾਰਾਂ ਨੂੰ ਖ਼ਾਸ ਖ਼ਾਸ ਰੋਕਾਂ ਦੇ ਨਾਲ ਸਨਅਤ ਦੀ ਉਨਤੀ ਤੇ ਹੋਰ ਕੰਮਾਂ ਦੀ ਆਗਿਆ ਦਿਤੀ ਗਈ। ਹਕੂਮਤ ਵਲੋਂ ਸਨਅਤ ਤੇ ਵਪਾਰ ਦਾ ਇੰਤਜ਼ਾਮ ਕੀਤਾ ਗਿਆ। ਇਸ ਜ਼ਮਾਨੇ ਵਿਚ ਸਾਵੀਅਟ ਹਕੂਮਤ ਕਈ ਗਲਾਂ ਵਿਚ ਬੜੀ ਕਮਜ਼ੋਰ ਸੀ। ਉਸ ਪਾਸ ਸੁਸਿਖਿਅਤ ਆਦਮੀਆਂ (ਮਾਹਿਰ ਐਨਜੀਨੀਅਰਾਂ ਆਦਿਕ) ਦੀ ਵੀ ਘਾਟ ਸੀ। ਇਸ ਲਈ ਸਾਰੀ ਸਨਅਤ ਤੇ

ਪੈਦਾਵਾਰ ਦੇ ਸਾਧਨਾਂ ਪੁਰ ਛਾ ਜਾਣਾ ਵੀ ਉਸ ਲਈ ਮੁਮਕਿਨ ਨਹੀਂ ਸੀ। ਇਸ ਸਕੀਮ ਦਾ ਭਾਵ ਸਿਰਫ਼ ਇਹ ਸੀ ਕਿ ਸਨਅਤ ਦੀ ਉਨਤੀ ਅਤੇ ਸੋਸ਼ਲਿਸਟ ਉਸਾਰੀ ਦੀਆਂ ਬੁਨਿਆਦਾਂ ਤਿਆਰ ਸੋ ਜਾਣ।

੧੯੨੫ ਤੋਂ ਲੈ ਕੇ ੧੯੨੯ ਈ: ਤਕ ਮੁਲਕ ਦੀਆਂ ਸਾਰੀਆਂ ਦਸਤਕਾਰੀਆਂ, ਕਾਰਖ਼ਾਨੇ, ਕਾਨਾਂ ਤੇ ਰੇਲਾਂ ਮੁੜ ਚਾਲੂ ਹੋ ਕੇ ਸਗੋਂ ਹੋਰ ਅਨੇਕਾਂ ਕਾਰਖਾਨੇ ਤੇ ਸਨਅਤਾਂ ਹੋਂਦ ਵਿਚ ਆ ਗਈਆਂ। ਰਿਆਸਤ (ਸਾਵੀਅਟ ਯੂਨੀਅਨ) ਦੇ ਆਪਣੇ ਪ੍ਰਬੰਧ ਨੇ ਸਰਮਾਏਦਾਰਾਂ ਦੇ ਜ਼ਾਤੀ ਕਾਰੋਬਾਰ ਦੀ ਥਾਂ ਮੱਲ ਲਈ, ਅਤੇ ਮਾਦੀ ਹੈਸੀਅਤ ਤੋਂ ਇਕ ਅਜੇਹੀ ਹਾਲਤ ਪੈਦਾ ਹੋ ਗਈ, ਜਿਸ ਵਿਚ ਸਨਅਤ ਦੀ ਤੇ ਜ਼ਰਾਇਤੀ ਤਰੱਕੀ ਦੀ ਇਕ ਸਰਬ-ਦੇਸੀ ਸਕੀਮ ਦਾ ਜਾਰੀ ਕਰਨਾ ਮੁਮਕਿਨ ਸੀ। ਇਸੇ ਜ਼ਮਾਨੇ ਦੀਆਂ ਤਬਦੀਲੀਆਂ ਦੀ ਇਹ ਕਰਾਮਾਤ ਸੀ ਕਿ ਪਹਿਲੀ ਪੰਜ-ਸਾਲਾ ਸਕੀਮ ਤਿਆਰ ਕਰ ਕੇ ਵਰਤੋਂ ਵਿਚ ਲਿਆਂਦੀ ਗਈ।

ਪਹਿਲੀ ਪੰਜ ਸਾਲਾ ਸਕੀਮ

ਬਾਹਰਲੀ ਦੁਨੀਆ ਨੇ ਇਸ ਸਕੀਮ ਨੂੰ ਪਾਗਲ-ਪਨ ਦਾ ਨਾਂ ਦਿਤਾ ਸੀ। ਪਰ ਇਹ ਪੰਜ-ਸਾਲਾ ਸਕੀਮ ਚਹੁੰ ਵਰ੍ਹਿਆਂ ਵਿਚ ਹੀ ਕਾਮਿਯਾਬ ਹੋ ਗਈ। ਇਸ ਸਕੀਮ ਦੀ ਕਾਮਿਯਾਬੀ ਦੇ ਨਾਲ ਨਾਲ ਮੁਲਕੀ ਦਸਤਕਾਰੀ ਤਰੱਕੀ ਕਰ ਕੇ ਅਜੇਹੀ ਸਿੱਖਰ ਤੇ ਪਹੁੰਚ ਗਈ, ਜਿਥੇ ਇਸ ਦੀਆਂ ਸਨਅਤੀ ਤੇ ਆਰਥਕ ਸਾਰੀਆਂ ਔਖਿਆਈਆਂ ਮੁਕ ਗਈਆਂ, ਅਤੇ ਸਾਵੀਅਟ ਧਰਤੀ ਸਨਅਤੀ ਅਤੇ ਆਰਥਕ ਤੌਰ ਤੇ ਸੁਤੰਤਰ ਹੋ ਗਈ। ਹੁਣ ਦੂਜੀ ਪੰਜ-ਸਾਲਾ ਸਕੀਮ ਦੀ ਲੋੜ ਸੀ, ਜਿਸ ਨਾਲ ਜਨਤਾ ਦੀ ਰਹਿਣੀ ਬਹਿਣੀ ਉਚੇਰੀ ਹੋ ਸਕੇ ਤੇ ਲੋਕਾਂ ਦੀ ਆਮਦਨੀ ਵਿਚ ਵਾਧਾ ਹੋ ਸਕੇ ਤਾਕਿ ਉਹ ਜ਼ਿੰਦਗੀ ਦੀਆਂ ਲੋੜਾਂ ਨੂੰ ਬਹੁਲਤਾ ਨਾਲ ਖ਼ਰੀਦ ਸਕਣ। ਪਰ ਇਹ ਤਾਂ ਹੀ ਹੋ ਸਕਦਾ ਸੀ ਜੇ ਸਨਅਤ ਦੇ ਨਾਲੋ ਨਾਲ

ਖੇਤੀ ਬਾੜੀ ਦੇ ਤਰੀਕਿਆਂ ਵਿਚ ਵੀ ਤਬਦੀਲੀਆਂ ਹੋਣ। ਜ਼ਮੀਨ ਟੁਕੜਿਆਂ ਵਿਚ ਵੰਡੀ ਹੋਈ ਸੀ। ਕਿਰਸਾਣ ਆਪੋ ਆਪਣੀ ਵਖਰੀ ਖੇਤੀ ਕਰਦੇ ਹਨ, ਇਸ ਲਈ ਵਡੇ ਪੈਮਾਨੇ ਪੁਰ ਖੇਤੀ ਨਹੀਂ ਸੀ ਹੋ ਸਕਦੀ, ਅਤੇ ਨਾ ਹੀ ਖੇਤੀ ਬਾੜੀ ਦੇ ਨਵੀਨ ਸੰਦ ਵਰਤੇ ਜਾ ਸਕਦੇ ਸਨ। ਸਾਵੀ-ਅਟ ਯੂਨੀਅਨ ਦੇ ਕਿਰਸਾਣ ਇਸ ਵੇਲੇ ਤਕ ਤਿੰਨ ਹਿੱਸਿਆਂ ਵਿਚ ਵੰਡੇ ਹੋਏ ਸਨ। ਇਕ ਤਾਂ ਬਹੁਤ ਹੀ ਗਰੀਬ ਸਨ, ਜਿਨ੍ਹਾਂ ਪਾਸ ਜ਼ਮੀਨ ਦੇ ਛੋਟੇ ਟੁਕੜੇ ਸਨ। ਇਨ੍ਹਾਂ ਪਰ ਉਨ੍ਹਾਂ ਦਾ ਜੀਵਨ-ਨਿਰਬਾਹ ਨਹੀਂ ਹੋ ਸਕਦਾ। ਇਸ ਲਈ ਤੰਗ ਆ ਕੇ ਉਹਨਾਂ ਨੂੰ ਧਨੀ ਲੋਕਾਂ ਅੱਗੇ ਮਜ਼ਦੂਰੀ ਕਰਨੀ ਪੈਂਦੀ ਸੀ। ਦੂਜੇ ਦਰਮਿਆਨੇ ਦਰਜੇ ਦੇ ਕਿਰਸਾਣ ਸਨ, ਤੀਜੇ ਅਮੀਰ ਜ਼ਿਮੀਂਦਾਰ ਸਨ ਜਿਨ੍ਹਾਂ ਨੂੰ ਰੂਸ ਵਿਚ "ਕੁਲਿਕ" ਕਹਿੰਦੇ ਸਨ। ਇਨ੍ਹਾਂ ਦੀ ਜਾਇਦਾਦ ਬਹੁਤ ਜ਼ਿਆਦਾ ਸੀ, ਇਸ ਲਈ ਉਹ ਆਪਣੇ ਹਥੀਂ ਖੇਤੀ ਨਹੀਂ ਸਨ ਕਰਦੇ, ਸਗੋਂ ਗਰੀਬ ਅਤੇ ਨੰਗੇ ਭੁਖੇ ਕਿਰਸਾਣਾਂ ਤੋਂ ਉਜਰਤ ਪੁਰ ਕੰਮ ਕਰਾਂਦੇ ਸਨ। ਇਸ ਸੂਰਤ ਵਿਚ ਪਿੰਡਾਂ ਦੀ ਜਮਾਤੀ ਵੰਡ ਨੂੰ ਖਤਮ ਕਰਨਾ ਅਤੇ ਸਾਰੇ ਕਿਰਸਾਣਾਂ ਦੀ ਇਕ ਸਾਰ ਜਮਾਤ ਬਣਾਣੀ ਜ਼ਰੂਰੀ ਸੀ, ਤਾਂ ਜੁ ਸਾਰੇ ਮਿਲ ਜੁਲ ਕੇ ਮਿਹਨਤ ਅਤੇ ਆਪਣੀ ਸਾਂਝੀ ਮਿਹਨਤ ਤੋਂ ਪੈਦਾ ਕੀਤੀ ਦੌਲਤ ਤੋਂ ਲਾਭ ਉਠਾਉਣ, ਪਿੰਡ ਵਿਚ ਕੋਈ ਕਿਸੇ ਦੀ ਮਿਹਨਤ ਤੋਂ ਅਯੋਗ ਫਾਇਦਾ ਨਾ ਉਠਾਵੇ ਤੇ ਕਿਰਸਾਣ ਇਕ ਦੂਜੇ ਦਾ ਲਹੂ ਨਾ ਚੂਸਣ, ਇਹ ਦੋਵੇਂ ਗੱਲਾਂ ਤਾਂ ਹੀ ਸਿਰੇ ਚੜ੍ਹ ਸਕਦੀਆਂ ਸਨ ਜੇ ਜ਼ਮੀਨ ਨੂੰ ਮੁਲਕ ਦੀ ਸਾਂਝੀ ਜਾਇਦਾਦ ਮੰਨ ਕੇ ਇਕੱਠੀ ਖੇਤੀ ਦੇ ਤਰੀਕਿਆਂ ਨੂੰ ਜਾਰੀ ਕੀਤਾ ਜਾਏ। ਨਾਲ ਹੀ ਇਹ ਵੀ ਜ਼ਰੂਰੀ ਸੀ ਕਿ ਵੱਡੇ ਪੈਮਾਨੇ ਪੁਰ ਖੇਤੀ ਕਰਨ ਲਈ ਨਵੀਨ ਮਸ਼ੀਨਾਂ ਤੇ ਹਥਿਆਰ ਪੈਦਾ ਕੀਤੇ ਜਾਣ।

ਸਾਂਝੀ ਖੇਤੀ

ਸਟਾਲਿਨ ਨੇ ੧੯੨੭ ਈਸਵੀ ਵਿਚ ਪਾਰਟੀ ਦੀ ਪੰਦ੍ਰਵੀਂ ਕਾਂਗਰਸ ਵਿਚ ਇਹ ਸਕੀਮ ਪੇਸ਼ ਕੀਤੀ ਸੀ, ਜਿਸ ਦੀ ਟ੍ਰਾਟਸਕੀ ਤੇ ਉਸ ਦੇ ਸਾਥੀਆਂ ਨੇ ਸਖਤ ਵਿਰੋਧਤਾ ਕੀਤੀ। ਸਾਮਰਾਜੀ ਜੰਗ ਅਤੇ ਘਰੇਲੂ ਜੰਗ ਦੇ ਦਿਨਾਂ ਵਿਚ ਖੇਤੀ ਦੀ ਪੈਦਾਵਾਰ ਬਹੁਤ ਘਟ ਗਈ ਸੀ। ਪਰ ਲੈਨਿਨ ਦੀ ਨਵੀਂ ਆਰਥਕ ਪਾਲਿਸੀ ਦੇ ਕਾਰਨ ਮੁੜ ਉਸੇ ਟੀਚੇ ਤੇ ਆ ਗਈ। ਪਰ ਇਸ ਦਾ ਸਿਰਫ਼ ੩੫ ਫ਼ੀ ਸਦੀ ਹਿੱਸਾ ਮੰਡੀ ਵਿਚ ਬਿਕਰੀ ਲਈ ਜਾਂਦਾ ਸੀ। ਜਦੋਂ ਸਟਾਲਿਨ ਨੇ ਖੇਤੀ ਬਾੜੀ ਦੀ ਪੈਦਾਵਾਰ ਨੂੰ ਵਧਣ ਤੇ ਉਸ ਵਧੇ ਮਾਲ ਨੂੰ ਖਪਾਣ ਦੀ ਸਕੀਮ ਪੇਸ਼ ਕੀਤੀ ਤਾਂ ਵਿਰੋਧੀ ਧੜਿਆਂ ਨੇ ਆਪੋ ਆਪਣੇ ਤਰੀਕੇ ਪੁਰ ਇਸ ਦੀ ਵਿਰੋਧਤਾ ਸ਼ੁਰੂ ਕਰ ਦਿਤੀ। ਇਕ ਵਿਰੋਧੀ ਧੜਾ ਇਸ ਗੱਲ ਤੇ ਜ਼ੋਰ ਦੇਂਦਾ ਸੀ 'ਕਿਰਸਾਣ ਬਲਵੇ ਕਰਾਣ ਦਾ ਇੰਤਜ਼ਾਮ ਕੀਤਾ ਜਾਵੇ ਅਤੇ ਅਮੀਰ ਅਤੇ ਦਰਮਿਆਨੇ ਦਰਜੇ ਦੇ ਕਿਰਸਾਣਾਂ ਵਿਰੁਧ ਗਰੀਬ ਕਿਰਸਾਣਾਂ ਤੋਂ 'ਬਗਾਵਤ' ਕਰਾਈ ਜਾਵੇ, ਦੂਜੇ ਵਿਰੋਧੀ ਧੜੇ ਵਾਲਿਆਂ ਤਜਵੀਜ਼ ਕੀਤੀ ਕਿ ਅਮੀਰ ਕਿਰਸਾਣਾਂ ਨੂੰ ਹੋਰ ਵੀ ਅਮੀਰ ਹੋਣ ਦਿਤਾ ਜਾਵੇ, ਤਦ ਹੀ ਖੇਤੀ ਬਾੜੀ ਤਰੱਕੀ ਕਰੇਗੀ। ਇਸ ਤਰ੍ਹਾਂ ਕਰਨ ਨਾਲ ਉਹ ਚਾਹੁੰਦੇ ਸਨ ਕਿ ਸਾਵੀਅਟ ਯੂਨੀਅਨ ਦੀਆਂ ਸੋਸ਼ਲਿਸਟ ਰਿਆਸਤਾਂ ਸਾਂਝੀ ਖੁਰਾਕ ਲਈ ਜ਼ਾਤੀ ਤੌਰ ਤੇ ਖੇਤੀ ਕਰਨ ਵਾਲੇ ਕਿਰਸਾਣਾਂ ਦੀਆਂ ਮੁਥਾਜ ਰਹਿਣ, ਇਸ ਤਰੀਕੇ ਨਾਲ ਉਹ ਅਸਲ ਵਿਚ ਸਰਮਾਇਆਦਾਰੀ ਦੀ ਉਨਤੀ ਦਾ ਰਾਹ ਖੋਲ੍ਹਣਾ ਚਾਹੁੰਦੇ ਸਨ।

ਸਟਾਲਿਨ ਦੀ ਪਾਲਿਸੀ ਦਾ ਮੁੱਖ ਭਾਵ ਇਹ ਸੀ ਕਿ ਉਹ ਸਾਰੇ ਕਿਰਸਾਣ ਜਿਹੜੇ ਸਾਂਝੀ ਖੇਤੀ ਤੋਂ ਫ਼ਾਇਦਾ ਉਠਾ ਸਕਦੇ ਹਨ, ਸਾਂਝੀਆਂ ਫਾਰਮਾਂ ਵਿਚ ਇਕੱਠੇ ਕਰ ਕੇ ਇਕ ਸੂਤ (ਡਿਸਪਲਿਨ) ਵਿਚ ਪਰੋ ਲਏ

ਜਾਣ ਇਸ ਲਈ ਉਸ ਦੀ ਪਾਲਿਸੀ ਦੀ ਬੁਨਿਆਦ ਗਰੀਬ ਅਤੇ ਦਰਮਿਆਨੇ ਦਰਜੇ ਦੇ ਸਾਰੇ ਕਿਰਸਾਣਾਂ ਦੀ ਬਹੁ ਗਿਣਤੀ ਤੇ ਕਾਇਮ ਸੀ। ਇਸ ਪਾਲਿਸੀ ਨੂੰ ਬੜੇ ਸਬਰ ਅਤੇ ਦ੍ਰਿੜ੍ਹਤਾ ਨਾਲ ਹੀ ਵਰਤੋਂ ਵਿਚ ਲਿਆਂਦਾ ਜਾ ਸਕਦਾ ਸੀ। ਕਿਉਂਕਿ ਇਸ ਦੀ ਕਾਮਿਯਾਬੀ ਦੋ ਮਹਾਨ ਗੱਲਾਂ ਉਤੇ ਨਿਰਭਰ ਰਖਦੀ ਸੀ, (੧) ਖੇਤੀ ਕਰਨ ਦੀਆਂ ਮਸ਼ੀਨਾਂ ਜਿਹੜੀਆਂ ਸੋਸ਼ਲਿਸਟ ਕਾਰਖਾਨੇ ਤਿਆਰ ਕਰ ਸਕਦੇ ਸਨ (੨) ਖੇਤੀ ਦੀ ਪੈਦਾਵਾਰ ਦੀ ਮਿਕਦਾਰ, ਜਿਸ ਤੋਂ ਸਾਂਝੇ ਕਿਰਸਾਣਾਂ ਨੂੰ ਲਾਭ ਪਹੁੰਚ ਸਕਦਾ ਹੋਵੇ। ਸਨਅਤੀ ਔਖਿਆਈਆਂ ਕਰ ਕੇ ਜ਼ਰਾਇਤੀ ਸਕੀਮ ਪਰ ੧੯੨੯ ਤਕ ਚੰਗੀ ਤਰਾਂ ਵਰਤੋਂ ਨਾ ਹੋ ਸਕੀ। ਪਰ ਜਦੋਂ ਨਵੇਂ ਕਾਰਖਾਨਿਆਂ ਵਿਚੋਂ ਨਵੀਨ ਕਿਸਮ ਦੇ ਜ਼ਰਾਇਤੀ ਸੰਦ ਮਿਲਣ ਲਗ ਪਏ ਤਾਂ ਇਹ ਕੰਮ ਬੜਾ ਸੌਖਾ ਬਣ ਗਿਆ। ਪਰ ਹੁਣ ਇਕ ਹੋਰ ਔਕੜ ਸਾਹਮਣੇ ਆਈ, ਜਿਹੜੀ ਦਸ ਵਰ੍ਹੇ ਪਹਿਲਾਂ ਦੀਆਂ ਇਨਕਲਾਬੀ ਖਾਨਾ-ਜੰਗੀਆਂ ਨਾਲੋਂ ਕਿਸੇ ਤਰਾਂ ਵੀ ਘਟ ਨਹੀਂ ਸੀ। ਰੂਸ ਦੇ ਅਮੀਰ ਕਿਰਸਾਣ ਸਾਂਝੀ ਖੇਤੀ ਦੇ ਕੱਟੜ ਵਿਰੋਧੀ ਸਨ। ਸਾਂਝੀਆਂ ਫਾਰਮਾਂ ਸ਼ੁਰੂ ਹੁੰਦਿਆਂ ਹੀ ਗਰੀਬ ਕਿਰਸਾਣ ਤਾਂ ਕੋਈ ਰਿਹਾ ਨਾ, ਇਸ ਕਰ ਕੇ ਅਮੀਰ ਕਿਰਸਾਣਾਂ ਨੂੰ ਬੜੀ ਔਕੜ ਦਾ ਸਾਹਮਣਾ ਕਰਨਾ ਪਿਆ। ਹੁਣ ਉਨ੍ਹਾਂ ਦੀਆਂ ਫਾਰਮਾਂ ਤੇ ਨਾਮ ਮਾਤ੍ਰ ਮਜ਼ਦੂਰੀ ਤੇ ਕੰਮ ਕਰਨ ਵਾਲੇ ਪੇਂਡੂ ਗਰੀਬ ਤਾਂ ਰਹੇ ਨਹੀਂ ਸਨ, ਜਿਨ੍ਹਾਂ ਨਾਲ ਉਹ ਆਪਣੇ ਵਡੇ ਵਡੇ ਫਾਰਮ ਆਬਾਦ ਕਰ ਸਕਣ, ਇਸ ਲਈ ਸਾਂਝੇ ਫਾਰਮ ਬਣਨ ਤੇ ਉਹ ਘਬਰਾ ਉਠੇ ਤੇ ਗੁਸੇ ਵਿਚ ਆ ਗਏ। ਉਹ ਤੋੜ ਫੋੜ ਕਰਨ, ਅੱਗਾਂ ਲਾਉਣ ਤੇ ਕਤਲ ਕਰਨ ਵਿਚ ਜੁਟ ਗਏ। ਸਾਂਝੀਆਂ ਫਾਰਮਾਂ ਦੇ ਸਾਮਾਨ ਤੇ ਮਸ਼ੀਨਾਂ ਨੂੰ ਬਰਬਾਦ ਕਰਨਾ ਅਤੇ ਤੋੜਨਾ ਫੋੜਨਾ, ਸਾਂਝੇ ਕਿਰਸਾਣਾਂ ਨੂੰ ਗੋਲੀਆਂ ਦਾ ਨਿਸ਼ਾਨਾ ਬਨਾਣਾ, ਡੰਗਰਾਂ ਨੂੰ ਮਾਰ ਦੇਣਾ ਤੇ ਜ਼ਮੀਨ ਬਿਨਾ ਵਾਹਿਆਂ ਛੱਡ ਦੇਣਾ ਉਹਨਾਂ ਦਾ ਆਮ ਰਵਈਆ ਹੋ ਗਿਆ। ਅਜਿਹੀਆਂ ਹਰਕਤਾਂ ਨਾਲ ਕੁਝ ਸਮੇਂ ਲਈ ਚੀਜ਼ਾਂ ਦੀ ਥੁੜ ਹੋ ਗਈ।

ਪਰ ੧੯੩੩ ਤਕ ਸਕੀਮ ਕਾਮਯਾਬ ਹੋ ਗਈ। ਅਮੀਰ 'ਕੁਲਕਾਂ' ਦੀ ਹੋਂਦ ਮਿਟ ਗਈ ਅਤੇ ਨਾਲ ਹੀ ਸਟਾਲਿਨ ਦੇ ਸ਼ਬਦਾਂ ਵਿਚ ਦੁਨੀਆ ਦੇ ਸਾਮਰਾਜੀਆਂ ਦੀਆਂ ਅਖੀਰੀ ਆਸਾਂ ਮਿੱਟੀ ਵਿਚ ਮਿਲ ਗਈਆਂ, ਜਿਹੜੇ ਸਰਮਾਇਆ ਦਾਰੀ ਦੇ ਮੁੜ ਸੁਰਜੀਤ ਹੋਣ ਦੇ ਸੁਪਨੇ ਦੇਖ ਰਹੇ ਸਨ। ਉਹ ਸਮਝਦੇ ਸਨ ਕਿ ਕਿਰਸਾਣ ਇਕ ਅਜਿਹਾ ਮੁਆਦ ਹਨ ਜੋ ਸਰਮਾਇਆਦਾਰੀ ਲਈ ਮੈਦਾਨ ਸਾਫ਼ ਕਰ ਦੇਣਗੇ। ਪਰ ਕਿਰਸਾਣ ਜ਼ਾਤੀ ਮਲਕੀਅਤ ਨੂੰ ਦੂਰੋਂ ਸਲਾਮ ਕਰ ਕੇ ਸਾਂਝੀ ਖੇਤੀ ਵਾਲੀ ਸੋਸ਼ਲਿਜ਼ਮ ਦੀ ਸੜਕ ਤੇ ਪੈ ਰਹੇ ਹਨ। ਸਰਮਾਇਆਦਾਰੀ ਦੇ ਸੁਰਜੀਤ ਹੋਣ ਦੀ ਆਖਰੀ ਆਸ ਮਿੱਟੀ ਵਿਚ ਮਿਲ ਰਹੀ ਹੈ।"

੧੯੩੩ ਵਿਚ ਮੁਲਕ ਦੇ ਜ਼ਰਾਇਤੀ ਜੀਵਨ-ਸਾਧਨ ਦਾ ਰੂਪ ਵਟ ਕੇ ਸਨਅਤੀ ਹੋ ਗਿਆ। ਸਾਂਝੀਆਂ ਫਾਰਮਾਂ ਵਿਚ ਉੱਨਤੀ ਅਤੇ ਖੁਸ਼ਹਾਲੀ ਦੀਆਂ ਨਿਸ਼ਾਨੀਆਂ ਪੈਦਾ ਹੋ ਗਈਆਂ। ਬੇਰੁਜ਼ਗਾਰੀ ਖ਼ਤਮ ਹੋ ਗਈ। ਮੁਲਕ ਵਿਚ ਸੋਸ਼ਲਿਸਟ ਪੈਦਾਵਾਰ ਦਾ ਰਿਵਾਜ ਹੋ ਗਿਆ ਅਤੇ ਸਰਮਾਇਆਦਾਰਕ ਪੈਦਾਵਾਰ ਦਾ ਖੁਰਾ ਖੋਜ ਮਿਟ ਗਿਆ – ਕਿਰਤੀਆਂ ਦਾ ਲਹੂ ਚੂਸੇ ਜਾਣ ਦਾ ਜ਼ਮਾਨਾ ਖ਼ਤਮ ਹੋ ਗਿਆ।

ਸਟਾਲਿਨ ਨੇ ਨਾਹਰਾ ਮਾਰਿਆ ਸੀ ਕਿ "ਜੀਵਨ ਸੁਖਾਂ ਨਾਲ ਭਰਪੂਰ ਹੋ ਜਾਏਗਾ।" ਅਤੇ ਸਚ ਇਹ ਹੈ ਕਿ ਪਹਿਲੀ ਪੰਜ-ਸਾਲਾ ਸਕੀਮ ਨੇ ਹੀ ਵਿਕਾਸ ਅਤੇ ਖੁਸ਼ਹਾਲੀ ਦਾ ਰਾਹ ਖੋਹਲ ਦਿਤਾ। ਸਟਾ-ਲਿਨ ਨੇ ਇਸ ਕਾਮਯਾਬੀ ਨੂੰ ਇਨ੍ਹਾਂ ਸ਼ਬਦਾਂ ਵਿਚ ਬਿਆਨ ਕੀਤਾ ਹੈ: "ਸਾਵੀਅਟ ਯੂਨੀਅਨ ਇਕ ਕਮਜ਼ੋਰ ਮੁਲਕ ਸੀ। ਪਰ ਹੁਣ ਫੌਜੀ ਨੁਕਤੇ ਤੋਂ ਬੜਾ ਤਾਕਤਵਰ ਬਣ ਗਿਆ ਹੈ ਅਤੇ ਆਪਣੀ ਰਖਵਾਲੀ ਆਪ ਕਰ ਸਕਦਾ ਹੈ। ਇਹ ਮੁਲਕ ਹੁਣ ਆਪਣੇ ਬਚਾਅ ਦੇ ਹਥਿਆਰ ਬਹੁਤ ਵਡੇ ਪੈਮਾਨੇ ਪੁਰ ਬਣਾ ਸਕਦਾ ਹੈ ਅਤੇ ਬਾਹਰੋਂ ਹਮਲਾ ਹੋਣ ਦੀ ਸੂਰਤ ਵਿਚ ਆਪਣੀ ਫੌਜ ਨੂੰ ਸਾਵੀਅਟ ਵਿਚ ਬਣੇ ਹੋਏ ਹਥਿਆਰਾਂ ਨਾਲ ਸਜਾ ਸਕਦਾ ਹੈ।" ਇਹ ਇਤਨੀ ਜ਼ਬਰਦਸਤ

ਕਾਮਯਾਬੀ ਸੀ ਜਿਹੜੀ ਅਜ ਨਾ ਸਿਰਫ਼ ਸਾਵੀਅਟ ਯੂਨੀਅਨ ਲਈ ਸਗੋਂ ਸਾਰੀ ਦੁਨੀਆਂ ਲਈ ਲਾਭਵੰਦ ਸਾਬਤ ਹੋ ਰਹੀ ਹੈ।

ਸਾਵੀਅਟ ਕੌਮਾਂ ਦੀ ਪਦਾਰਥਕ ਜ਼ਿੰਦਗੀ ਵਿਚ ਇਨ੍ਹਾਂ ਤਬਦੀਲੀਆਂ ਦਾ ਇਕ ਇਹ ਵੀ ਅਸਰ ਹੋਇਆ ਹੈ ਕਿ ਉਹਨਾਂ ਦੀ ਸਭਿਆਚਾਰਕ ਜ਼ਿੰਦਗੀ ਅਤੇ ਆਚਾਰ ਵਿਚ ਵੀ ਇਕ ਬੁਨਿਆਦੀ ਤਬਦੀਲੀ ਆ ਗਈ ਹੈ, ਇਨ੍ਹਾਂ ਸਾਰੀਆਂ ਤਬਦੀਲੀਆਂ ਵਿਚ ਸਟਾਲਿਨ ਦੀ ਭਾਵ-ਪੂਰਤ ਅਗਵਾਈ ਝਲਕਾਂ ਮਾਰ ਰਹੀ ਹੈ, ਸਟਾਲਿਨ ਨੇ ੧੯੩੧ ਵਿਚ ਕਿਹਾ ਸੀ ਕਿ "ਸਾਵੀਅਟ ਯੂਨੀਅਨ ਹੋਰਨਾਂ ਉੱਨਤ ਮੁਲਕਾਂ ਨਾਲੋਂ ਪੰਜਾਹ ਜਾਂ ਸੌ ਵਰ੍ਹੇ ਪਿਛੇ ਹੈ, ਸਾਨੂੰ ਚਾਹੀਦਾ ਹੈ ਕਿ ਇਸ ਵਿੱਥ ਨੂੰ ਦਸਾਂ ਵਰ੍ਹਿਆਂ ਵਿਚ ਮੁਕਾ ਦੇਈਏ। ਜੇ ਅਸੀਂ ਅਜੇਹਾ ਨਾ ਕਰ ਸਕੇ ਤਾਂ ਦੁਨੀਆਂ ਦੇ ਸਾਮਰਾਜੀ ਸਾਨੂੰ ਮਿਟਾ ਦੇਣਗੇ।" ਕੀ ਕਿਸੇ ਹੋਰ ਆਗੂ ਨੇ ਅੱਜ ਤਕ ਇਸ ਤੋਂ ਵਧ ਠਿੱਗਰ ਤੇ ਠੀਕ ਭਵਿਖ-ਬਾਣੀ (ਪੇਸ਼ੀਨ ਗੋਈ) ਆਖੀ ਹੈ?

ਹੁਨਰ ਅਤੇ ਸਭਿਆਚਾਰ ਦੀ ਤਰੱਕੀ

ਹੁਣ ਤਕ ਬਾਲਸ਼ਵਿਕ ਰਾਜਨੀਤਕ ਅਗਵਾਈ ਵਿਚ ਹੀ ਰੁਝੇ ਰਹੇ ਸਨ, ਟੈਕਨੀਕਲ ਕੰਮਾਂ ਵਿਚ ਅਜੇ ਤਕ ਉਹ ਦੂਜਿਆਂ ਦੇ ਮਸ਼ਵਰੇ ਦੇ ਮੁਥਾਜ ਸਨ। ਉਹ ਪੁਰਾਣੇ ਅਤੇ ਬਦੇਸ਼ੀ ਮਾਹਰਾਂ ਦੀ ਮਦਦ ਲੈਂਦੇ ਸਨ। ਹੁਣ ਇਸ ਗਲ ਦੀ ਲੋੜ ਆ ਪਈ ਸੀ ਕਿ ਬਾਲਸ਼ਵਿਕ ਨੌਜੁਆਨ ਫੰਨੀ (ਟੈਕਨੀਕਲ) ਮੁਹਾਰਤ ਹਾਸਲ ਕਰਨ ਅਤੇ ਹੁਣ ਇਸ ਗਲ ਦਾ ਬੜਾ ਚੰਗਾ ਮੌਕਾ ਸੀ ਕਿ ਵਧੀਆ ਤੋਂ ਵਧੀਆ ਬਾਲਸ਼ਵਿਕ ਮਾਹਰ ਪੈਦਾ ਹੋ ਸਕਣ। ਸਟਾਲਿਨ ਨੇ ਡੰਕੇ ਦੀ ਚੋਟ ਨਾਲ ਇਹ ਕਿਹਾ: "ਅਸੀਂ ਅਜਿਹਾ ਕਰ ਸਕਦੇ ਹਾਂ, ਕੋਈ ਅਜਿਹਾ ਕਿਲਾ ਨਹੀਂ ਜਿਸ ਨੂੰ ਬਾਲਸ਼ਵਿਕ ਸਰ ਨਾ ਕਰ ਸਕਣ ... ... ਅਸੀਂ ਬੜੇ ਬੜੇ ਗੁੰਝਲਦਾਰ ਮਸਲਿਆਂ ਨੂੰ ਹੱਲ ਕਰ ਚੁਕੇ ਹਾਂ ... ... ਇਸ ਸੰਬੰਧ ਵਿਚ

ਜੋ ਕੁਝ ਕਰਨਾ ਹੈ, ਉਹ ਕੋਈ ਬਹੁਤਾ ਮੁਸ਼ਕਿਲ ਕੰਮ ਨਹੀਂ ਹੈ। ਅਸਾਂ ਸਿਰਫ਼ ਦੋ ਕੰਮ ਕਰਨੇ ਹਨ, ਪਹਿਲਾ ਫੰਨ ਤੇ ਕਾਬੂ ਪਾਣਾ ਹੈ ਤੇ ਦੂਜਾ ਸਾਇੰਸ (ਵਿਗਿਆਨ) ਵਿਚ ਵਿਸ਼ੇਸ਼ਤਾ ਹਾਸਲ ਕਰਨੀ ਹੈ ਅਤੇ ਜਦੋਂ ਅਸੀਂ ਦੋਹਾਂ ਕੰਮਾਂ ਨੂੰ ਸਿਰੇ ਚਾੜ੍ਹ ਲਵਾਂਗੇ ਤਾਂ ਅਸੀਂ ਇਕ ਅਜਿਹਾ ਵਾਯੂ ਮੰਡਲ ਪੈਦਾ ਕਰ ਲਵਾਂਗੇ, ਜਿਸ ਦਾ ਠੀਕ ਅੰਦਾਜ਼ਾ ਅੱਜ ਕੋਈ ਨਹੀਂ ਲਾ ਸਕਦਾ। ਸਾਡੀ ਮਰਜ਼ੀ ਹੋਵੇ ਤਾਂ ਅਜਿਹਾ ਕਰ ਸਕਦੇ ਹਾਂ।"

ਅਤੇ ਇਹ ਸਚ ਮੁਚ ਹੋ ਵੀ ਗਿਆ। ੧੯੩੫ ਦੇ ਦਿਨਾਂ ਵਿਚ ਸਾਵੀਅਟ ਯੂਨੀਅਨ ਦੇ ਨੌਜੁਆਨ ਹੁਨਰ ਦੇ ਮਾਹਰ ਬਣ ਗਏ ਤੇ ਸਾਵੀਅਟ ਵਿਚ ਸਾਇੰਸ ਦਾ ਇਕ ਅਜਿਹਾ ਵਾਯੂ ਮੰਡਲ ਪੈਦਾ ਹੋ ਗਿਆ ਕਿ ਯੋਗਤਾ ਰਖਣ ਵਾਲੇ ਨੌਜੁਆਨ ਇਸ ਪਾਸੇ ਟੁਟ ਪਏ। ਜੀਵਨ ਦੇ ਹਰ ਭਾਗ ਵਿਚ ਵਿਕਾਸ ਹੋ ਰਿਹਾ ਸੀ, ਸਗੋਂ ਇਸ ਵਿਕਾਸ ਦੀ ਰਫ਼ਤਾਰ ਹੈਰਾਨ ਕਰਨ ਵਾਲੀ ਸੀ ਪਰ ਅਜੇ ਮਾਹਰਾਂ ਦੀ ਗਿਣਤੀ ਇਤਨੀ ਨਹੀਂ ਸੀ ਕਿ ਸਾਵੀਅਟ ਦੇ ਅਨੰਤ ਸਾਧਨਾਂ ਨੂੰ ਵਰਤੋਂ ਵਿਚ ਲਿਆ ਸਕਣ, ਸਟਾਲਿਨ ਨੇ ਕਿਹਾ ਸੀ ਕਿ ਇਨ੍ਹਾਂ ਕੰਮਾਂ ਨੂੰ ਦੂਸਰੀਆਂ ਸੰਸਥਾਆਂ ਨੇ ਹੋਰ ਤਰੀਕਿਆਂ ਨਾਲ ਸਿਰੇ ਚਾੜ੍ਹਿਆ ਹੈ, ਤੇ ਉਹ ਲੋਕ ਸਾਵੀਅਟ ਨੂੰ ਟਿਚਕਰਾਂ ਕਰਦੇ ਹਨ। ਉਹਨਾਂ ਮੁਲਕਾਂ ਵਿਚ ਮਾਹਰਾਂ ਦੀ ਬਹੁਲਤਾ ਸੀ, ਪਰ ਉਹ ਉਨ੍ਹਾਂ ਨੂੰ ਐਵੇਂ ਗਵਾ ਚੁਕੇ ਹਨ। ਸਾਵੀਅਟ ਯੂਨੀਅਨ ਨੇ ਪਹਿਲਾਂ ਮਸ਼ੀਨਾਂ ਤਿਆਰ ਕਰ ਕੇ ਲੋਕਾਂ ਨੂੰ ਮੌਕਿਆ ਦਿਤਾ ਕਿ ਇਨ੍ਹਾਂ ਨੂੰ ਵਰਤ ਕੇ ਫਾਇਦਾ ਉਠਾ ਸਕਣ। ਇਹ ਠੀਕ ਹੈ ਕਿ ਕਈ ਵੇਰ ਲੋਕਾਂ ਨੇ ਨਾਤਜਰਬਾ ਕਾਰੀ ਦਾ ਸਬੂਤ ਦਿਤਾ ਤੇ ਆਪਣੀਆਂ ਮਸ਼ੀਨਾਂ ਨੂੰ ਇਤਨਾ ਨੁਕਸਾਨ ਪੁਚਾਇਆ ਕਿ ਵਿਰੋਧੀਆਂ ਨੂੰ ਠੱਠਾ ਕਰਨ ਦਾ ਮੌਕਾ ਮਿਲ ਗਿਆ, ਪਰ ਸਾਵੀਅਟ ਜਨਤਾ ਤਰੱਕੀ ਕਰੇਗੀ। ਕਿਉਂਕਿ ਇਤਨਾ ਕੁਛ ਤੋੜਨ ਭੰਨਣ ਮਗਰੋਂ ਵੀ ਉਨ੍ਹਾਂ ਪਾਸ ਬੇ ਸ਼ੁਮਾਰ ਮੌਕੇ ਹਨ। ਸਾਵੀਅਟ ਦੇ ਵਿਕਾਸ ਤੇ ਕੋਈ ਰੋਕ ਨਹੀਂ ਹੈ।"

੨੯੩੫ ਵਿਚ ਸਟਾਲਿਨ ਨੇ ਰੂਸ ਨੂੰ ਦੇਖ ਕੇ ਕਿਹਾ ਕਿ "ਪਦਾਰਥਕ ਉਨਤੀ ਤਾਂ ਬਹੁਤ ਹੋਈ ਹੈ, ਪਰ ਇਹ ਕਾਫੀ ਨਹੀਂ ਹੈ । ਸਾਇੰਸ ਅਤੇ ਟੈਕਨੀਕਲ ਇਲਮਾਂ ਤੋਂ ਲਾਭ ਪ੍ਰਾਪਤ ਕਰਨ ਲਈ ਸਾਨੂੰ ਆਦਮੀਆਂ ਦੀ ਲੋੜ ਹੈ, ਜਿਹੜੇ ਟੈਕਨੀਕ ਦੇ ਮਾਹਰ ਹੋਣ । ਇਹ ਯਾਦ ਰਖਣਾ ਚਾਹੀਦਾ ਹੈ, ਕਿ ਦੁਨੀਆ ਦਾ ਸਭ ਤੋਂ ਕੀਮਤੀ ਸਰਮਾਇਆ ਜਨਤਾ ਹੈ, ਅਤੇ ਜਨਤਾ ਦੇ ਕਾਰਕੁਨ ਹੀ ਸਾਰੀਆਂ ਗੱਲਾਂ ਦਾ ਫੈਸਲਾ ਕਰਦੇ ਹਨ। ਜੇ ਸਾਡੀ ਦਸਤਕਾਰੀ, ਖੇਤੀ, ਰੇਲ, ਜਹਾਜ਼ ਅਤੇ ਫੌਜ ਵਿਚ ਚੰਗੇ ਕਾਰਕੁਨ ਹੋਣ ਤਾਂ ਸਾਡਾ ਮੁਲਕ ਇਕ ਮਜ਼ਬੂਤ ਚਟਾਨ ਵਾਂਗ ਥਿਰ ਤੇ ਅਜਿੱਤ ਸਾਬਤ ਹੋਵੇਗਾ। ਪਰ ਜੇ ਅਜਿਹੇ ਕਾਰਕੁਨ ਪੈਦਾ ਨਾ ਹੋ ਸਕੇ ਤਾਂ ਸਾਡੀ ਕਮਰ ਟੁਟ ਜਾਇਗੀ।

ਸਾਵੀਅਟ ਰੂਸ ਉਤੇ ਹੁਣ ਬਹੁਤ ਸਾਰੀਆਂ ਕਿਤਾਬਾਂ ਪ੍ਰਕਾਸ਼ਤ ਹੋ ਚੁਕੀਆਂ ਹਨ, ਜਿਨ੍ਹਾਂ ਵਿਚ ਉਨ੍ਹਾਂ ਸਾਰੀਆਂ ਹੈਰਾਨ ਕਰਨ ਵਾਲੀਆਂ ਤਬਦੀਲੀਆਂ ਨੂੰ ਵਿਸਥਾਰ ਨਾਲ ਬਿਆਨ ਕੀਤਾ ਗਿਆ ਹੈ, ਜਿਹੜੀਆਂ ਸਟਾਲਿਨ ਦੀ ਅਗਵਾਈ ਵਿਚ ਹੋਈਆਂ ਹਨ । ਇਨ੍ਹਾਂ ਕਿਤਾਬਾਂ ਵਿਚ ਸਭਯਤਾ, ਕਲਚਰ, ਵਿਦਿਆ ਅਤੇ ਸਾਇੰਸ ਦੀਆਂ ਕਾਢਾਂ ਆਦ ਦਾ ਜ਼ਿਕਰ ਖੋਲ੍ਹ ਕੇ ਕੀਤਾ ਗਿਆ ਹੈ। ਪਰ ਜੇ ਤੁਸੀ ਇਹ ਜਾਣਨਾ ਚਾਹੁੰਦੇ ਹੋ ਕਿ ਇਹਨਾਂ ਅਦਭੁਤ ਕੰਮਾਂ ਨੂੰ ਕਿੱਦਾਂ ਸਿਰੇ ਚਾੜ੍ਹਿਆ ਗਿਆ ਤੇ ਰੂਸ ਦੀ ਸੁਤੀ ਹੋਈ ਯੋਗਤਾ ਨੂੰ ਕਿਸ ਤਰਾਂ ਜਗਾ ਕੇ ਵਿਕਾਸ ਦਾ ਅਵਸਰ ਦਿਤਾ ਤਾਂ ਤੁਸੀ ਖਸਤਾ ਹਾਲ ਪਿਛਾਂਹ ਖਿਚੂ, ਭਰਮੀ ਤੇ ਅਨਪੜ੍ਹ ਰੂਸੀ ਕਿਰਸਾਣ ਵਲ ਝਾਤ ਮਾਰੋ, ਜਿਸ ਦੇ ਦੁਖਾਂ ਦਾ ਅੰਦਾਜ਼ਾ ਅਸੀ ਆਪ ਆਪਣੇ ਪਿੰਡਾਂ, ਕਾਰਖਾਨਿਆਂ ਅਤੇ ਮਜ਼ਦੂਰ ਬਸਤੀਆਂ ਦੀ ਹਾਲਤ ਨੂੰ ਦੇਖ ਕੇ ਲਾ ਸਕਦੇ ਹਾਂ। ਅਤੇ ਫਿਰ ਪਰਸਿਧ ਰੂਸੀ ਫਿਲਮ "ਸਾਵੀਅਟ ਰੂਸ ਵਿਚ ਇਕ ਦਿਨ" ਦੇਖੋ । ਤੁਸੀ ਆਖੋਗੇ ਕਿ ਇਹ ਤਾਂ ਸਿਰਫ ਪ੍ਰਾਪੇਗੰਡਾ ਹੈ, ਪਰ ਲਾਰਡ ਬਿਉਰ ਬੂਕ ਨੇ ਜੋ ਕੁਛ ਆਖਿਆ ਹੈ, ਉਸ ਪੁਰ ਵੀ ਜ਼ਰਾ ਧਿਆਨ ਮਾਰੋ :-

"ਅਮਰੀਕਨ ਹਵਾਈ ਬੇੜੇ ਦੇ ਕਪਤਾਨ ਬਾਲ ਫੋਰ ਤੇ ਕਰਨੈਲ ਲਾਇਨ ਅਤੇ ਬਰਤਾਨਵੀ ਹਵਾਈ ਜਹਾਜ਼ਾਂ ਦੀ ਤਿਆਰੀ ਕਰਨ ਵਾਲੀ ਵਜ਼ਾਰਤ ਦੇ ਉਘੇ ਆਗੂ ਰੋਲੈਂਡਸ ਨੇ ਸਾਰੇ ਕਾਰਖਾਨੇ ਵੇਖੇ, ਜਿਥੇ ਹਵਾਈ ਜਹਾਜ਼ ਬਣਾਏ ਜਾਂਦੇ ਹਨ । ਇਨ੍ਹਾਂ ਤਿੰਨਾਂ ਦਾ ਬਿਆਨ ਹੈ ਕਿ ਰੂਸੀ ਆਪਣੇ ਹਵਾਈ ਜਹਾਜ਼ ਅਤੇ ਐਂਜਿਨ ਬਨਾਣ ਵਾਲੇ ਕਾਰਖਾਨਿਆਂ ਨੂੰ ਹਰ ਵੇਲੇ ਤਿਆਰ-ਬਰ ਤਿਆਰ ਰਖਦੇ ਹਨ। ਉਹਨਾਂ ਵਿਚ ਯੋਗਤਾ ਵਾਲੇ ਬੰਦੇ ਕੰਮ ਕਰਦੇ ਹਨ । ਅਤੇ ਇਨ੍ਹਾਂ ਕਾਰਖਾਨਿਆਂ ਦੀ ਮਾਲ ਪੈਦਾ ਕਰਨ ਦੀ ਤਾਕਤ ਇਤਨੀ ਹੀ ਹੈ ਜਿਤਨੀ ਸਾਡੇ ਅਤੇ ਅਮਰੀਕਾ ਦੇ ਕਾਰਖਾਨਿਆਂ ਦੀ।"

ਕਰਨੈਲ ਲਾਈਨ ਨੇ ਦਸਿਆ ਹੈ ਕਿ "ਰੂਸੀਆਂ ਨੇ ਫੈਸਲਾ ਕੀਤਾ ਕਿ ਜਿਹੜੇ ਹਵਾਈ ਜਹਾਜ਼ ਅਮਰੀਕਾ ਅਤੇ ਬਰਤਾਨੀਆਂ ਉਹਨਾਂ ਨੂੰ ਘੱਲ ਰਹੇ ਹਨ, ਉਨ੍ਹਾਂ ਦੇ ਉਤਾਰਨ ਲਈ ਨਵਾਂ ਹਵਾਈ ਅੱਡਾ ਬਣਾਇਆ ਜਾਵੇ। ਇਸ ਮਤਲਬ ਲਈ ਉਨ੍ਹਾਂ ਇਕ ਜੰਗਲ ਨੂੰ ਕੱਟ ਸੁੱਟਿਆ, ਦਲਦਲ ਅਤੇ ਉਚੀ ਨੀਵੀਂ ਜ਼ਮੀਨ ਨੂੰ ਖੁਸ਼ਕ ਅਤੇ ਇਕ ਸਾਰ ਕਰ ਦਿਤਾ, ਸ਼ਹਿਰ ਤੋਂ ਹਵਾਈ ਅੱਡੇ ਤਕ ਇਕ ਸੜਕ ਬਣ ਗਈ, ਹਵਾਈ ਜਹਾਜ਼ਾਂ ਦੇ ਉਡਣ ਅਤੇ ਉਤਰਨ ਲਈ ਦੋ ਲੰਬੀਆਂ ਲੰਬੀਆਂ ਸੜਕਾਂ ਹਵਾਈ ਮੈਦਾਨ ਵਿਚ ਬਣ ਗਈਆਂ, ਤੇ ਇਹ ਸਾਰਾ ਕੰਮ ਤੀਹ ਦਿਨਾਂ ਦੇ ਅੰਦਰ ਅੰਦਰ ਹੋ ਗਿਆ। ਹੁਣ ਤੁਸੀਂ ਪੁੱਛ ਸਕਦੇ ਹੋ ਜੁ ਅਮਰੀਕਾ ਅਤੇ ਬਰਤਾਨੀਆਂ ਵਿਚ ਬਣੇ ਹਥਿਆਰਾਂ ਨੂੰ ਕੀ ਰੂਸੀ ਚਲਾ ਸਕਦੇ ਹਨ? ਉਤ੍ਰ ਹੈ ਹਾਂ, ਜ਼ਰੂਰ, ਸਚ ਤਾਂ ਇਹ ਹੈ ਕਿ ਰੂਸੀਆਂ ਦੀ ਟੈਕਨੀਕ ਸਿਖਣ ਦੀ ਯੋਗਤਾ ਬਹੁਤ ਵਧੀਆ ਦਰਜੇ ਦੀ ਹੈ। ਅਸੀਂ ਭਰੋਸੇ ਨਾਲ ਆਖ ਸਕਦੇ ਹਾਂ, ਸਾਡੇ ਕਾਰਖਾਨੇ ਜਿਹੜਾ ਸਾਮਾਨ ਉਨ੍ਹਾਂ ਨੂੰ ਘੱਲ ਰਹੇ ਹਨ, ਉਸ ਤੋਂ ਉਹ ਪੂਰਾ ਪੂਰਾ ਲਾਭ ਪ੍ਰਾਪਤ ਕਰ ਰਹੇ ਹਨ।"

ਸਾਵੀਅਟ ਦੀ ਹਰ ਪਹਿਲੂ ਵਿਚ ਉਨਤੀ ਦਾ ਅੰਦਾਜ਼ਾ ਇਸ

ਗੱਲ ਤੋਂ ਲਗ ਸਕਦਾ ਹੈ ਕਿ ਵੀਹ ਵਰ੍ਹੇ ਪਹਿਲਾਂ ਦਾ ਰੂਸੀ ਕਿਰਸਾਣ ਮਸ਼ੀਨ ਨੂੰ ਸ਼ਕ ਅਤੇ ਭੈ ਨਾਲ ਤਕਦਾ ਸੀ ਪਰ ਪੰਜ ਵਰ੍ਹੇ ਪਹਿਲਾਂ ਸਟਾਲਿਨ ਨੇ ਦਸਿਆ ਕਿ ਸਾਰੀਆਂ ਗਲਾਂ ਦਾ ਨਿਰਭਰ ਕਾਮਿਆਂ ਪੁਰ ਹੈ, ਤੇ ਅੱਜ ਦੁਨੀਆਂ ਦੇ ਵਡੇ ਅਗੇ ਵਧੇ ਹੋਏ ਮੁਲਕਾਂ ਦੇ ਮਾਹਰ ਆਖਦੇ ਹਨ ਕਿ "ਰੂਸੀਆਂ ਦੀ ਯੋਗਤਾ ਬਹੁਤ ਵਧੀਆ ਦਰਜੇ ਦੀ ਹੈ।"

੧੯੩੫ ਵਿਚ 'ਸਤਾਖਨੋਫ' ਲਹਿਰ ਸ਼ੁਰੂ ਹੋਈ, ਅਤੇ ਸਟਾਲਿਨ ਨੇ ਆਪ ਇਸ ਦੀ ਅਗਵਾਈ ਕੀਤੀ। ਸਤਾਖਨੋਫ ਨਾਮੀ ਇਕ ਕਿਰਤੀ ਨੇ ਇਹ ਲਹਿਰ ਸ਼ੁਰੂ ਕੀਤੀ ਸੀ। ਇਸ ਲਹਿਰ ਦਾ ਭਾਵ ਇਹ ਸੀ ਕਿ ਚੰਗੇਰੇ ਅਤੇ ਘੱਟ ਥਕਾਣ ਵਾਲੇ ਹਥਿਆਰ ਵਰਤ ਕੇ ਬਹੁਤਾ ਮਾਲ ਪੈਦਾ ਕੀਤਾ ਜਾਏ। ਇਹ ਲਹਿਰ ਏਥੋਂ ਤਕ ਕਾਮਯਾਬ ਹੋਈ ਕਿ ਸਰ ਵਾਲਟਰ ਸਟਰੀਨ ਵਰਗੇ ਪਿਛਾਂਹ ਖਿੱਚੂ ਆਗੂ ਨੇ ਇਕਰਾਰ ਕੀਤਾ ਕਿ ਬਿਲਕੁਲ ਨਵੇਂ ਅਤੇ ਚੰਗੇਰੇ ਤ੍ਰੀਕਿਆਂ ਨਾਲ ਸਾਵੀਅਟ ਦੀ ਪੈਦਾਵਾਰ ਵਿਚ ਤਾਂ ਵਾਧਾ ਹੋ ਗਿਆ ਹੈ, ਪਰ ਇਸ ਨਾਲ ਮਜ਼ਦੂਰਾਂ ਨੂੰ ਕੋਈ ਵਾਧੂ ਖੇਚਲ ਨਹੀਂ ਕਰਨੀ ਪਈ। ਏਹ ਮਜ਼ਦੂਰਾਂ ਦੀ ਕਾਰੀਗਰੀ ਅਤੇ ਹੁਸ਼ਿਆਰੀ ਦਾ ਚਮਤਕਾਰ ਹੈ।"

ਸਾਵੀਅਟ ਦੀ ਕੌਮਾਂਤ੍ਰੀ ਮਹਾਨਤਾ

੧੯੩੫ ਵਿਚ ਨਵੀਂ ਰਾਜ-ਬਣਤਰ ਜਿਸ ਨੂੰ "ਸਟਾਲਿਨ ਬਣਤਰ" ਆਖਦੇ ਹਨ, ਜਾਰੀ ਹੋਈ। ਇਹ ਰਾਜ-ਬਣਤਰ ਮਨੁਖ-ਇਤਿਹਾਸ ਦੀ ਅਤਿਅੰਤ ਉੱਚਾ ਤੇ ਮਹਾਨ ਕਾਰਨਾਮਾ ਹੈ, ਜਿਸ ਵਿਚ ਪਹਿਲੀ ਵੇਰ ਉਸ ਕਾਨੂੰਨ ਨੂੰ ਥਾਂ ਦਿਤੀ ਗਈ ਹੈ, ਜਿਸ ਦੀ ਖਾਤਰ ਮਨੁੱਖਤਾ ਹਜ਼ਾਰਾਂ ਵਰ੍ਹਿਆਂ ਤੋਂ ਤਾਣ ਲਾਉਂਦੀ ਰਹੀ ਹੈ, ਅਤੇ ਜਿਸਦੀ ਅਣਹੋਂਦ ਦੇ ਕਾਰਨ ਵਡੇ ਵਡੇ ਸਮਾਜਕ ਪ੍ਰਬੰਧ ਖੇਰੂੰ ਖੇਰੂੰ ਹੋ ਗਏ। ਉਹ ਕਾਨੂੰਨ ਇਹ ਹੈ ਕਿ "ਸਾਵੀਅਟ ਵਿਚ ਹਰ ਸਖਸ਼ ਨੂੰ ਕੰਮ ਕਰਨ, ਛੁਟੀ ਮਨਾਣ

ਤੇ ਉਜਰਤ ਪਾਣ ਦਾ ਹਕ ਹੈ । ਹਰ ਸ਼ਖਸ ਨੂੰ ਵਿਦਿਆ ਪ੍ਰਾਪਤੀ ਦਾ ਹੱਕ ਹੈ।" ਇਹ ਹਕ ਹਰ ਇਕ ਮਰਦ ਤੇ ਇਸਤਰੀ ਨੂੰ ਇਕੋ ਜਹੇ ਦਿਤੇ ਗਏ ਹਨ। ਅਜ ਸਾਵੀਅਟ ਦਾ ਹਰ ਵਾਸੀ ਚਾਹੇ ਉਹ ਕਿਸੇ ਵੀ ਰੰਗ, ਨਸਲ, ਮਜ਼ਹਬ ਅਤੇ ਕੌਮ ਦਾ ਹੋਵੇ, ਇਨ੍ਹਾਂ ਹੱਕਾਂ ਤੋਂ ਇਕੋ ਜਿਹਾ ਲਾਭ ਪ੍ਰਾਪਤ ਕਰ ਸਕਦਾ ਹੈ।

ਸਟਾਲਿਨ ਨੇ ਕਿਹਾ ਹੈ ਕਿ ਇਹ ਕਾਨੂੰਨ ਨਿਰਾ ਸਾਵੀਅਟ ਲਈ ਹੀ ਨਹੀਂ, ਸਗੋਂ ਸਾਰੀ ਦੁਨੀਆ ਦੇ ਵਾਸੀਆਂ ਲਈ ਇਕੋ ਜਿਹਾ ਫਾਇਦਾ ਮੰਦ ਹੈ। ਸਾਵੀਅਟ ਕੌਮਾਂ ਦੇ ਹਕ ਵਿਚ ਇਸ ਦੀ ਮਹਾਨਤਾ ਦਾ ਜ਼ਿਕਰ ਕਰਦਿਆਂ ਹੋਇਆਂ ਸਟਾਲਿਨ ਨੇ ਕਿਹਾ ਹੈ ਕਿ "ਇਹ ਉਨ੍ਹਾਂ ਦੀ ਇਨਕਲਾਬੀ ਕੋਸ਼ਸ਼ ਅਤੇ ਇਨਕਲਾਬੀ ਜਿੱਤ ਦਾ ਨਚੋੜ ਹੈ।" ਸਰਮਾਇਆਦਾਰ ਮੁਲਕਾਂ ਬਾਬਤ ਦਸਿਆ ਕਿ "ਇਹ ਉਨ੍ਹਾਂ ਦੀ ਕੋਸ਼ਸ਼ ਦਾ ਪ੍ਰੋਗਰਾਮ ਹੈ।" ਸਟਾਲਿਨ ਨੇ ਸਾਵੀਅਟ ਦੀ ਕਾਮਯਾਬੀ ਦੇ ਭਾਵ ਨੂੰ ਸਦਾ ਠੀਕ ਤੌਰ ਤੇ ਅਨੁਭਵ ਕੀਤਾ ਹੈ। ੧੯੩੧ ਵਿਚ ਉਸ ਨੇ ਆਖਿਆ ਸੀ" "ਸਾਵੀਅਟ ਯੂਨੀਅਨ ਦਾ ਮਜ਼ਦੂਰ ਤਬਕਾ ਦੁਨੀਆ ਭਰ ਦੇ ਮਜ਼ਦੂਰ ਤਬਕੇ ਦਾ ਇਕ ਹਿਸਾ ਹੈ। ਸਾਨੂੰ ਸਿਰਫ ਸਾਵੀਅਟ ਯੂਨੀਅਨ ਦੇ ਮਜ਼ਦੂਰ ਤਬਕੇ ਦੀਆਂ ਕੋਸ਼ਸ਼ਾਂ ਨਾਲ ਹੀ ਨਹੀਂ ਸਗੋਂ ਦੁਨੀਆ ਭਰ ਦੇ ਮਜ਼ਦੂਰ ਤਬਕੇ ਦੀਆਂ ਕੋਸ਼ਸ਼ਾਂ ਨਾਲ ਕਾਮਯਾਬੀ ਹੋਈ ਹੈ, ਜੇ ਉਨ੍ਹਾਂ ਦੀ ਹਮਾਇਤ ਸਾਨੂੰ ਪ੍ਰਾਪਤ ਨਾ ਹੁੰਦੀ ਤਾਂ ਅਸੀ ਕਦੋਂ ਦੇ ਮਿਟ ਚੁਕੇ ਹੁੰਦੇ। ਕਿਹਾ ਜਾਂਦਾ ਹੈ ਕਿ ਸਾਡਾ ਮੁਲਕ ਦੁਨੀਆ ਦੇ ਮਜ਼ਦੂਰ ਤਬਕੇ ਦਾ ਆਗੂ ਜਥਾ ਹੈ। ਸਾਡੀ ਸ਼ਾਨ ਵਿਚ ਇਹ ਗਲ ਬਹੁਤ ਚੰਗੀ ਆਖੀ ਗਈ ਹੈ। ਪਰ ਇਸ ਸ਼ਲਾਘਾ ਨਾਲ ਸਾਡੇ ਉਤੇ ਇਕ ਵਡੀ ਭਾਰੀ ਜ਼ੁੰਮੇਦਾਰੀ ਆ ਪਈ ਹੈ। ਕੌਮਾਂਤ੍ਰੀ ਕਿਰਤੀ ਦਲ ਸਾਡੇ ਪੱਖ ਤੇ ਕਿਉਂ ਹੈ? ਅਸੀਂ ਉਸ ਦੀ ਹਮਾਇਤ ਦੇ ਪਾਤਰ ਕਿਉਂ ਹਾਂ? ਇਸ ਦਾ ਕਾਰਨ ਸਿਰਫ ਇਹ ਹੈ ਕਿ ਇਸ ਵਕਤ ਅਸੀ ਜੋ ਕੁਝ ਕਰ ਰਹੇ ਹਾਂ, ਉਸ ਵਿਚ ਜੇ ਸਾਨੂੰ ਕਾਮਯਾਬੀ ਹਾਸਲ ਹੋਈ ਤਾਂ ਸਾਰੀ ਦੁਨੀਆ ਬਦਲ ਜਾਏਗੀ,

ਅਤੇ ਦੁਨੀਆ ਦੇ ਕਿਰਤੀ ਆਜ਼ਾਦ ਹੋ ਜਾਣਗੇ। ਪਰ ਕਾਮਯਾਬੀ ਕਿਸ ਤਰ੍ਹਾਂ ਹੋ ਸਕਦੀ ਹੈ? ਇਸ ਦੀ ਖ਼ਾਤਰ ਕੇਹੜੀ ਗਲ ਜ਼ਰੂਰੀ ਹੈ? ਸਾਨੂੰ ਇਸ ਤਰ੍ਹਾਂ ਕਦਮ ਚੁਕਣਾ ਚਾਹੀਦਾ ਹੈ ਕਿ ਦੁਨੀਆ ਦਾ ਕਿਰਤੀ ਦਲ ਸਾਨੂੰ ਵੇਖ ਕੇ ਇਹ ਕਹਿ ਉਠੇ "ਇਹ ਸਾਡੀ ਫੌਜ ਹੈ! ਇਹ ਸਾਡਾ ਆਗੂ ਜਥਾ ਹੈ! ਏਹ ਸਾਡੇ ਧੜੇ ਦੀ ਰਿਆਸਤ ਹੈ! ਇਹ ਸਾਡੀ ਸੋਸ਼ਲਿਸਟ ਧਰਤੀ ਹੈ! ਉਹ ਉਸ ਨਿਸ਼ਾਨੇ ਵਲ ਵਧੇ ਜਾ ਰਹੇ ਹਨ ਜੇਹੜਾ ਸਾਡਾ ਵੀ ਨਿਸ਼ਾਨ ਹੈ! ਉਹ ਅਜਿਹੇ ਚੰਗੇ ਤ੍ਰੀਕੇ ਨਾਲ ਇਸ ਆਸ਼ੇ ਨੂੰ ਪੂਰਣ ਕਰ ਰਹੇ ਹਨ ਕਿ ਸਾਨੂੰ ਉਹਨਾਂ ਦੀ ਮਦਦ ਕਰਨੀ ਚਾਹੀਦੀ ਹੈ।"

੧੯੩੯ ਵਿਚ ਉਸ ਨੇ ਐਲਾਨ ਕੀਤਾ ਕਿ "ਜੇ ਸਾਡੇ ਮੁਲਕ ਦੀਆਂ ਕਾਮਯਾਬੀਆਂ, ਜੇ ਸਾਡੇ ਉੱਦਮ ਅਤੇ ਜਿੱਤਾਂ ਨੇ ਸਰਮਾਇਆਦਾਰ ਮੁਲਕਾਂ ਦੇ ਕਿਰਤੀ ਦਲਾਂ ਵਿਚ ਜੋਸ਼ ਪੈਦਾ ਕੀਤਾ ਹੈ ਅਤੇ ਜੇ ਇਸ ਕਰਕੇ ਉਹਨਾਂ ਦਲਾਂ ਵਿਚ ਆਪਣੀ ਕੰਮ ਕਰਨ ਦੀ ਸ਼ਕਤੀ ਤੇ ਜਿੱਤ ਪ੍ਰਾਪਤ ਕਰਨ ਦਾ ਯਕੀਨ ਹੋ ਗਿਆ ਹੈ ਤਾਂ ਸਾਡੀ ਪਾਰਟੀ ਆਖ ਸਕਦੀ ਹੈ ਕਿ ਇਸ ਦੇ ਦੁਖ ਝੱਲਣੇ ਐਵੇਂ ਨਹੀਂ ਗਏ; ਅਤੇ ਇਸ ਵਿਚ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਕਿ ਸੱਚੀ ਮੁੱਚੀ ਗੱਲ ਏਦਾਂ ਹੀ ਹੈ।"

ਇਸ ਮੌਕੇ ਤੇ ਇਹ ਜਾਣ ਲੈਣਾ ਵੀ ਜ਼ਰੂਰੀ ਹੈ ਕਿ ਬਾਲਸ਼ਵਿਕ ਪਾਰਟੀ ਦੀਆਂ ਵਿਰੋਧੀ ਜਮਾਤਾਂ ਦਾ ਕੀ ਅੰਤ ਹੋਇਆ? ਸਟਾਲਿਨ ਦੀਆਂ ਤਿਆਰ ਕੀਤੀਆਂ ਸਕੀਮਾਂ ਜਿਨ੍ਹਾਂ ਨੂੰ ਪਾਰਟੀ ਨੇ ਵੀ ਮਨਜ਼ੂਰ ਕੀਤਾ, ਕੁਦਰਤੀ ਤੌਰ ਪਰ ਕਾਮਯਾਬ ਹੋਈਆਂ। ਇਸ ਕਾਮਯਾਬੀ ਨਾਲ ਵਿਰੋਧੀਆਂ ਦੀ ਤਾਕਤ ਦਿਨ ਪਰ ਦਿਨ ਘਟਦੀ ਗਈ। ਸਾਵੀਅਟ ਯੂਨੀਅਨ ਜੇਹੇ ਮੁਲਕ ਵਿਚ ਵਿਰੋਧੀ ਜਮਾਤਾਂ ਦੀ ਉਹ ਹੈਸੀਅਤ ਨਹੀਂ ਜਿਹੜੀ ਬਰਤਾਨੀਆਂ ਅਤੇ ਅਮਰੀਕਾ ਵਿਚ ਹੈ। ਸਾਵੀਅਟ ਵਿਚ ਇਸ ਤਰ੍ਹਾਂ ਨਹੀਂ ਹੁੰਦਾ ਕਿ ਅਜ ਹਕੂਮਤ ਨੇ ਅਸਤੀਫ਼ਾ ਦਿਤਾ ਤਾਂ ਝਟ ਵਿਰੋਧੀ ਹਕੂਮਤ ਨੇ ਨਵੀਂ ਹਕੂਮਤ ਬਣਾ ਲਈ ਅਤੇ ਅਜ ਦੇ ਹਾਕਮ

ਕਲ ਦੀ ਵਿਰੋਧੀ ਜਮਾਤ ਨਾਲ ਮਿਲ ਗਏ । ਸਾਵੀਅਟ ਯੂਨੀਅਨ ਜੇਹੇ ਮੁਲਕਾਂ ਵਿਚ ਹਕੂਮਤ ਅਤੇ ਪਾਰਟੀ ਦੀ ਪਾਲਿਸੀ ਨੂੰ ਘਟਨਾਵਾਂ,ਨਤੀਜਿਆਂ ਅਤੇ ਕਾਮਯਾਬੀ ਦੀ ਰੋਸ਼ਨੀ ਵਿਚ ਜਾਂਚਿਆ ਜਾਂਦਾ ਹੈ। ਜੇ ਇਹ ਪਾਲਿਸੀ ਕਾਮਿਯਾਬ ਹੁੰਦੀ ਹੈ ਤਾਂ ਵਿਰੋਧੀਆਂ ਦੀ ਰਾਇ ਨੂੰ ਕੋਈ ਨਹੀਂ ਸੁਣਦਾ। ਜਨਤਾ ਵਿਚ ਉਹ ਬਿਲਕੁਲ ਬਦਨਾਮ ਹੋ ਕੇ ਨਤਾਕਤ ਹੋ ਜਾਂਦੇ ਹਨ। ਜਨਤਾ ਦੇ ਮਿਲਵੇਂ ਵਿਰੋਧ ਨੂੰ ਦੇਖ ਕੇ ਏਹ ਇਨਕਲਾਬ ਦੀਆਂ ਦੁਸ਼ਮਨ ਜਮਾਤਾਂ ਰੂਪੋਸ਼ ਹੋ ਜਾਂਦੀਆਂ ਹਨ ਅਤੇ ਲੁਕਵੇਂ ਤੌਰ ਤੇ ਤੋੜ ਫੋੜ, ਮਾਰ ਕੁਟ ਅਤੇ ਕਤਲਾਂ ਦੇ ਮੁਜਰਾਮਾਨਾ ਕੰਮ ਕਰਦੀਆਂ ਹਨ।

ਸਾਵੀਅਟ ਯੂਨੀਅਨ ਵਿਚ ਵੀ ਵਿਰੋਧੀ ਜਮਾਤ ਦਾ ਇਹੀ ਹਾਲ ਹੋਇਆ। ੧੯੩੧-੩੨ ਦੇ ਦਿਨਾਂ ਵਿਚ ਪਾਰਟੀ ਨੇ ਜਦ ਸਟਾਲਿਨ ਦੀ ਸਕੀਮ ਨੂੰ ਵਰਤੋਂ ਵਿਚ ਲਿਆਉਣਾ ਸ਼ੁਰੂ ਕੀਤਾ, ਜਦ ਸਾਂਝੀਆਂ ਫ਼ਾਰਮਾਂ ਕਾਇਮ ਕਰਨ ਲਈ ਸੈਂਕੜੇ ਮੁਸ਼ਕਲਾਂ ਪੈਦਾ ਹੋਣ ਲਗੀਆਂ, ਜਦ ਹਜ਼ਾਰਾਂ ਬਾਲਸ਼ਵਿਕ ਨੌਜੁਆਨ ਲੱਕ ਬਨ੍ਹ ਕੇ ਇਨ੍ਹਾਂ ਮੁਸ਼ਕਲਾਂ ਨੂੰ ਹੱਲ ਕਰਨ ਲਈ ਜੁਟ ਗਏ ਤਾਂ ਇਹਨਾਂ ਕਾਇਰ ਅਤੇ ਹਾਰੇ ਹੋਏ ਲੋਕਾਂ ਨੇ ਸੋਸ਼ਲਿਸਟ ਉਸਾਰੀ ਦੀ ਪਹਿਲੀ ਸਕੀਮ ਨੂੰ ਰੋਕਣ ਲਈ ਰੋੜੇ ਅਟਕਾਉਣੇ ਸ਼ੁਰੂ ਕਰ ਦਿਤੇ। ਭਾਵ ਵਿਰੋਧੀ ਦਲ ਤੋੜ ਫੋੜ ਕਰਨ, ਢਾਹੁਣ ਅਤੇ ਕਤਲ ਕਰਨ ਵਿਚ ਜੁਟ ਗਿਆ। ੧੯੨੭ ਵਿਚ ਸਟਾਲਿਨ ਨੇ ਕੁਝ ਗਲਾਂ ਆਖੀਆਂ ਸਨ, ਜਿਹੜੀਆਂ ਇਹਨਾਂ ਕੌਮ ਧਰੋਹੀ ਲੋਕਾਂ ਦੀਆਂ ਕਾਰਸਤਾਨੀਆਂ ਤੇ ਚੰਗਾ ਚਾਨਣਾ ਪਾਉਂਦੀਆਂ ਹਨ:-

"ਕਿਸੇ ਵਡੇ ਦਰਿਆ ਵਿਚ ਜਦ ਹੜ੍ਹ ਆਉਂਦਾ ਹੈ ਤਾਂ ਉਸ ਵੇਲੇ ਤੁਸਾਂ ਮਾਛੀਆਂ ਨੂੰ ਵੇਖਿਆ ਹੋਵੇਗਾ। ਮੈਂ ਤਾਂ ਅਨੇਕਾਂ ਵੇਰ ਇਹ ਝਾਤੀ ਵੇਖੀ ਹੈ। ਮਾਛੀਆਂ ਦੀਆਂ ਦੋ ਕਿਸਮਾਂ ਹਨ, ਜਦੋਂ ਹੜ੍ਹ ਆਉਂਦਾ ਹੈ ਤਾਂ ਇਕ ਜਮਾਤ ਤਾਂ ਲੱਕ ਬੰਨ੍ਹ ਕੇ ਹੜ੍ਹ ਦਾ ਮੁਕਾਬਲਾ ਕਰਨ ਵਿਚ ਜੁਟ ਪੈਂਦੀ ਹੈ। ਇਸ ਕਿਸਮ ਦੇ ਮਾਛੀ ਆਪਣੇ ਸਾਥੀਆਂ ਵਿਚ ਹੌਸਲਾ ਪੈਦਾ

ਕਰਦੇ ਹਨ। ਉਹ ਆਖਦੇ ਨੇ : 'ਕੋਈ ਗਲ ਨਹੀਂ ਭਰਾਓ! ਦਿਲ ਨੂੰ ਤਕੜਾ ਰਖੋ, ਪਤਵਾਰ ਥੰਮੀ ਰਖੋ ਤੇ ਚੱਪੂ ਚਲਾਂਦੇ ਰਹੋ! ਅਸੀ ਆਪਣੀ ਨੌਕਾ ਮੰਝਧਾਰ ਵਿਚੋਂ ਕੱਢ ਲਵਾਂਗੇ। ਪਰ ਦੂਜਾ ਜਥਾ ਏਦਾਂ ਨਹੀਂ ਕਰਦਾ। ਹੜ੍ਹ ਦੀ ਸੋਅ ਸੁਣਦੇ ਹੀ ਉਹਨਾਂ ਦਾ ਹਿਰਦਾ ਡੋਲਣ ਲਗ ਜਾਂਦਾ ਹੈ। ਉਹ ਆਪਣੇ ਸਾਥੀਆਂ ਦਾ ਵੀ ਦਿਲ ਢਾਹੁੰਦੇ ਹਨ। ਉਹ ਰੋ ਉਠਦੇ ਹਨ : 'ਅਸੀ ਬੜੇ ਮੰਦਭਾਗੀ ਹਾਂ! ਹੜ੍ਹ ਆ ਗਿਆ! ਕਿਸ਼ਤੀ ਵਿਚ ਜਾ ਕੇ ਲੁਕ ਰਹੋ, ਅੱਖਾਂ ਮੀਟ ਲਓ, ਇਸ ਆਸ ਨਾਲ ਕਿ ਕਿਸੇ ਨਾ ਕਿਸੇ ਤਰ੍ਹਾਂ ਅਸੀ ਕੰਢੇ ਲਗ ਜਾਵਾਂਗੇ।"

ਵਿਰੋਧੀ ਅਜਿਹੀਆਂ ਗਲਾਂ ਕਿਉਂ ਕਰਨ ਲਗੇ? ਗਲ ਇਹ ਹੈ ਕਿ ਸਰਮਾਇਆਦਾਰ ਦੁਨੀਆਂ ਵਾਂਗੂੰ ਉਹ ਵੀ ਪੰਜ-ਸਾਲਾ ਸਕੀਮ ਨੂੰ ਪਾਗਲ ਪਣਾ ਹੀ ਸਮਝਦੇ ਸਨ, ਉਹਨਾਂ ਦਾ ਵੀ ਇਹੀ ਯਕੀਨ ਸੀ ਕਿ ਸਾਂਝੀਆਂ ਫ਼ਾਰਮਾਂ ਦੀ ਸਕੀਮ ਚਲ ਨਹੀਂ ਸਕਦੀ। ਉਹਨਾਂ ਦਾ ਖ਼ਿਆਲ ਸੀ ਕਿ ਕਿਰਸਾਣ ਮਿਸਤਰੀ ਨਹੀਂ ਬਣ ਸਕਦਾ; ਉਹਨਾਂ ਦਾ ਅਕੀਦਾ ਸੀ ਕਿ ਰੂਸੀ ਕਿਰਸਾਣ ਜ਼ਮੀਨ ਦੀ ਜ਼ਾਤੀ ਮਲਕੀਅਤ ਨਾਲ ਇਸ ਮਜ਼ਬੂਤੀ ਨਾਲ ਚੰਬੜਿਆ ਹੋਇਆ ਹੈ ਕਿ ਉਹ ਖੇਤੀ ਦੇ ਇਸ ਤਰੀਕੇ ਨੂੰ ਛਡ ਨਹੀਂ ਸਕਦਾ। ਉਹਨਾਂ ਨੇ ਸਾਵੀਅਟ ਦਬਦਬੇ ਨੂੰ ਖ਼ਤਮ ਕਰਨ ਲਈ ਬਾਹਰਲੇ ਮੁਲਕਾਂ ਨਾਲ ਸਾਜ਼ਸ਼ੀ ਸੰਬੰਧ ਕਾਇਮ ਕਰ ਲਏ। ਜਿਉਂ ਜਿਉਂ ਸਟਾਲਿਨ ਦੀ ਪਾਲਿਸੀ ਕਾਮਿਯਾਬ ਹੁੰਦੀ ਜਾਂਦੀ ਸੀ, ਅਤੇ ਰੂਸ ਦੇ ਅੰਦਰਲੇ ਹਾਲਾਤ ਚੰਗੇ ਹੁੰਦੇ ਜਾਂਦੇ ਸਨ, ਓਦਾਂ ਹੀ ਇਹਨਾਂ ਕੌਮ ਧਰੋਹੀਆਂ ਦੀਆਂ ਸਾਜ਼ਸ਼ਾਂ ਦਾ ਘੇਰਾ ਵੀ ਚੌੜਾ ਹੁੰਦਾ ਜਾਂਦਾ ਸੀ। ਆਪਣੇ ਮੁਲਕ ਵਿਚ ਉਹਨਾਂ ਦੀ ਕੋਈ ਹਮਾਇਤ ਨਹੀਂ ਸੀ ਕਰਦਾ। ਗ਼ਰੀਬ ਕਿਰਸਾਣਾਂ ਨੂੰ ਸਾਂਝੀ ਫਾਰਮ ਤੋਂ ਫ਼ਾਇਦਾ ਹੋ ਰਿਹਾ ਸੀ, ਇਸ ਕਰ ਕੇ ਉਹ ਉਹਨਾਂ ਦੀ ਹਮਾਇਤ ਕਰਦੇ ਤਾਂ ਕਿਉਂ? ਮਜ਼ਦੂਰ ਉਹਨਾਂ ਨੂੰ ਪਹਿਲਾਂ ਹੀ ਠੁਕਰਾ ਚੁਕੇ ਸਨ। ਉਹਨਾਂ ਨੂੰ ਅਮੀਰ ਕਿਰਸਾਣ ਦੀ ਮਦਦ ਵੀ ਨਾ ਮਿਲ ਸਕੀ ਕਿਉਂਕਿ ਸਾਂਝੀ ਫ਼ਾਰਮ ਦੀ ਸਕੀਮ ਦੀ

ਕਾਮਯਾਬੀ ਨਾਲ "ਕੁਲਕ" ਤਾਂ ਮਿਟ ਹੀ ਗਏ ਸਨ, ਮੁਕਦੀ ਗਲ ਕਿ ਮੁਲਕ ਦੇ ਅੰਦਰ ਉਹ ਨਿਹੱਥੇ ਹੋ ਗਏ। ਇਸ ਲਈ ਉਹਨਾਂ ਨੂੰ ਬਾਹਰ ਹਥ ਪੈਰ ਮਾਰਨੇ ਪਏ। ਇਹ ਉਹ ਵੇਲਾ ਸੀ ਜਦੋਂ ਜਰਮਨੀ ਵਿਚ ਮਜ਼ਦੂਰਾਂ ਦਾ ਸੰਗਠਨ ਨਾ ਹੋ ਸਕਣ ਦੇ ਕਾਰਨ ਹਿਟਲਰ ਦੀ ਚੜ੍ਹ ਮਚੀ ਸੀ। ਜਿਨ੍ਹਾਂ ਲੋਕਾਂ ਨੂੰ ਕਿਰਤੀ ਦਲ ਤੇ ਭਰੋਸਾ ਨਹੀਂ ਸੀ, ਉਹਨਾਂ ਨੂੰ ਇਹ ਵੀ ਯਕੀਨ ਨਹੀਂ ਸੀ, ਜੋ ਜਨਤਾ ਸੰਗਠਨ ਕਰ ਕੇ ਫਾਸ਼ਿਸਟਾਂ ਨੂੰ ਜਿੱਤ ਸਕਦੀ ਹੈ। ਇਸ ਲਈ ਉਨ੍ਹਾਂ ਨੇ ਫਾਸਿਸ਼ਟਾਂ (ਜਰਮਨਾਂ) ਨਾਲ ਸਮਝੌਤਾ ਕਰਨ ਦੀ ਸੋਚੀ। ਉਨ੍ਹਾਂ ਫ਼ੈਸਲਾ ਕਰ ਲਿਆ ਕਿ ਰੂਸ ਦਾ ਇਕ ਇਲਾਕਾ ਜਰਮਨਾਂ ਦੀ ਭੇਟਾ ਕਰ ਦਿਤਾ ਜਾਵੇ ਅਤੇ ਬਾਕੀ ਉਤੇ ਆਪ ਰਾਜ ਕਰੀਏ। ਪਰ ਠੀਕ ਉਸੇ ਵੇਲੇ ਸਟਾਲਿਨ ਦੀ ਸਾਂਝੀ ਫ਼ਾਰਮ ਅਤੇ ਸੋਸ਼ਲਿਸਟ ਉਸਾਰੀ ਦਾ ਪ੍ਰੋਗਰਾਮ ਵੀ ਕਾਮਯਾਬ ਹੋਇਆ ਜਿਸ ਨਾਲ ਮੁਲਕ ਭਰ ਵਿਚ ਉੱਨਤੀ ਅਤੇ ਮੋਕਲਾਈ ਦੀਆਂ ਨਿਸ਼ਾਨੀਆਂ ਦਿਖਾਈ ਦੇਣ ਲਗ ਪਈਆਂ। ਅਨਾਜ ਬਹੁਤ ਪੈਦਾ ਹੋਣ ਲਗ ਪਿਆ ਤੇ ਲੋਕਾਂ ਨੂੰ ਸੁਖ ਮਿਲਣ ਲਗ ਪਿਆ। ਸਟਾਲਿਨ ਦੀ ਪਾਲਿਸੀ ਦੀ ਕਾਮਯਾਬੀ ਦਾ ਇਹ ਇਕ ਚਮਕਦਾ ਸਬੂਤ ਸੀ। ਜਦ ਵਿਰੋਧੀਆਂ ਨੂੰ ਯਕੀਨ ਹੋ ਗਿਆ ਕਿ ਜਨਤਾ ਉਨ੍ਹਾਂ ਦਾ ਸਾਥ ਨਹੀਂ ਦਏਗੀ ਤਾਂ ਉਨ੍ਹਾਂ ਦਾ ਲੱਕ ਟੁਟ ਗਿਆ।

ਇਸ ਹਾਲਤ ਵਿਚ ਵਿਰੋਧੀ ਪਾਰਟੀ ਦੀ ਰਾਜਨੀਤਕ ਹੈਸੀਅਤ ਖ਼ਤਮ ਹੋ ਗਈ। ਵਾਕਿਆਤ ਨੇ ਆਪ ਜਦ ਉਸ ਦੀਆਂ ਗ਼ਲਤੀਆਂ ਨੂੰ ਸਾਬਤ ਕਰ ਦਿਤਾ ਤਾਂ ਉਹ ਕਿਸ ਮੂੰਹ ਨਾਲ ਆਖ ਸਕਦੀ ਸੀ ਕਿ ਇਹ ਇਕ ਸੁਫ਼ਨਾ ਹੈ, ਵਹਿਮ ਹੈ ਜਾਂ ਇਸ ਪਾਲਿਸੀ ਦੀ ਜੜ੍ਹ ਖੋਖਲੀ ਹੈ? ਸਾਵੀਅਟ ਦੀਆਂ ਕਾਮਯਾਬੀਆਂ ਨਾਲ ਵਿਰੋਧੀ ਨਿਕੰਮੇ ਹੋ ਗਏ। ਹੁਣ ਉਹ ਇਕ 'ਜ਼ਰਾਇਮ-ਪੇਸ਼ਾ' ਟੋਲਾ ਬਣ ਕੇ ਹੀ ਝਟ ਲੰਘਾ ਸਕਦੇ ਸਨ। ਤੇ ਉਨ੍ਹਾਂ ਅਜਿਹਾ ਹੀ ਕੀਤਾ। ਕਤਲ, ਲੁਟਮਾਰ ਤੇ ਸਾਜ਼ਸ਼ਾਂ ਕਰਨਾ ਉਨ੍ਹਾਂ ਦਾ ਪੇਸ਼ਾ ਬਣ ਗਿਆ। ਗੈਰ ਮੁਲਕੀਆਂ ਨੂੰ ਦੱਸਣ ਲਈ ਹੁਣ

ਉਨ੍ਹਾਂ ਕੋਲ ਕੁਝ ਵੀ ਨਹੀਂ ਸੀ। ਇਸ ਲਈ ਉਹ ਉਨ੍ਹਾਂ ਦੇ ਹਥਾਂ ਵਿਚ ਕਠ-ਪੁਤਲੀਆਂ ਬਣ ਕੇ ਫ਼ਾਸ਼ਿਸਟ ਜਾਸੂਸਾਂ ਦੇ ਪਹਿਕਮੇ ਦੇ ਏਜੰਟ ਬਣ ਗਏ। ਇਤਿਹਾਸ ਨੇ ਸੋਸ਼ਲਿਸਟ ਪਾਲਿਸੀ ਦੇ ਇਹਨਾਂ ਵਿਰੋਧੀਆਂ ਨੂੰ ਇਕ ਸਾਜ਼ਸ਼ੀ, ਕਾਤਲ, ਮੁਖਬਰ ਅਤੇ ਫਾਸ਼ਿਸਟ ਏਜੰਟਾਂ ਦਾ ਟੋਲਾ ਬਣਾ ਕੇ ਠੁਕਰਾ ਦਿਤਾ।

ਇਹ ਵਿਰੋਧੀ ਜਦ ਤਕ ਰਾਜਨੀਤਕ ਹੈਸੀਅਤ ਵਿਚ ਵਿਰੋਧ ਕਰਦੇ ਰਹੇ ਅਤੇ ਉਹਨਾਂ ਦਾ ਵਿਰੋਧ ਅਸੂਲੀ ਅਤੇ ਦਿਮਾਗੀ ਰਿਹਾ ਤਦ ਤਕ ਉਹ ਸਮਾਜ ਦੇ ਟੁਕਨ ਮੰਨੇ ਜਾਂਦੇ ਰਹੇ ਅਤੇ ਸਾਵੀਅਟ ਹਕੂਮਤ ਵਲੋਂ ਵਡੇ ਵਡੇ ਔਹਦਿਆਂ ਤੇ ਨੀਯਤ ਕੀਤੇ ਜਾਂਦੇ ਰਹੇ। ਪਰ ਜਦ ਉਹਨਾਂ ਦੀਆਂ ਮੁਜਰਮਾਨਾਂ ਹਰਕਤਾਂ ਦਾ ਪੋਲ ਖੁਲ੍ਹ ਗਿਆ ਤਾਂ ਉਹਨਾਂ ਨੂੰ ਮੁਲਕ ਦੇ ਸਾਂਝੇ ਜੀਵਨ ਤੋਂ ਵਾਂਝਿਆਂ ਹੋਣਾ ਪਿਆ। ਇਹ ਇਕ ਅਜਿਹਾ ਵਾਕਿਆ ਹੈ ਜਿਹੜਾ ਸਟਾਲਿਨ ਦੀ ਉਹ ਤਾਰ ਸਾਡੇ ਸਾਹਮਣੇ ਲਿਆ ਰਖਦਾ ਹੈ, ਜੇਹੜੀ ਉਸ ਨੇ ਜ਼ਾਰਸਤਾਨ ਤੋਂ ਲੈਨਿਨ ਨੂੰ ਦਿਤੀ ਸੀ। ਅਜ ਉਸ ਤਾਰ ਨੂੰ ਪੜ੍ਹਨ ਤੋਂ ਐਉਂ ਮਹਿਸੂਸ ਹੁੰਦਾ ਹੈ, ਜਾਣੀਂ ਸਟਾਲਿਨ ਲੈਨਿਨ ਦੀ ਆਤਮਾ ਨੂੰ ਸੰਬੋਧਨ ਕਰ ਕੇ ਆਖ ਰਿਹਾ ਹੈ; "ਤੁਸੀ ਨਿਸ-ਚਿੰਤ ਰਹੋ। ਅਸੀ ਦ੍ਰਿੜ੍ਹਤਾ ਤੋਂ ਕੰਮ ਲੈ ਰਹੇ ਹਾਂ। ਦੁਸ਼ਮਣਾਂ ਨਾਲ ਅਸੀ ਦੁਸ਼ਮਣਾਂ ਵਰਗਾ ਹੀ ਵਰਤਾਉ ਕਰਾਂਗੇ।"

ਕਮਿਊਨਿਜ਼ਮ ਦੇ ਰਾਹ ਉਤੇ

ਕਮਿਊਨਿਜ਼ਮ ਦੇ ਸੰਬੰਧ ਵਿਚ ਸਾਵੀਅਟ ਯੂਨੀਅਨ ਦੀ ਚਮਕਦੀ ਤਕਦੀਰ ਦਾ ਫ਼ੈਸਲਾ ਇਤਿਹਾਸ ਕਰ ਚੁਕਾ ਹੈ। ਫਾਸ਼ਿਸਟਾਂ ਨੇ ਜਿਹੜੇ ਮੁਲਕਾਂ ਤੇ ਹਮਲਾ ਕੀਤਾ ਹੈ, ਉਨ੍ਹਾਂ ਵਿਚੋਂ ਸਾਵੀਅਟ ਯੂਨੀਅਨ ਹੀ ਇਕ ਅਜਿਹਾ ਮੁਲਕ ਨਿਕਲਿਆ ਹੈ, ਜੇਹੜਾ ਚਟਾਨ ਵਾਂਗੂ ਸਿਰ ਉਚਾ ਕਰੀ ਅਜਿੱਤ ਖੜਾ ਹੈ ਅਤੇ ਦੁਸ਼ਮਣ ਨੂੰ ਮੂੰਹ ਤੋੜਵੇਂ ਜੁਆਬ ਦੇ ਰਿਹਾ ਹੈ।

ਅਜ ਉਸ ਧਰਤੀ ਤੇ ਨਾ ਕੋਈ ਕੌਮ ਧਰੋਹੀ ਹੈ ਤੇ ਨਾ ਵਤਨ ਫ਼ਰੋਸ਼। ਜੇ ਵਿਰੋਧੀ ਵੀ ਸਟਾਲਿਨ ਵਾਂਗ, ਅਨਭਵੀ, ਦੂਰ ਦੀ ਸੋਝੀ ਰਖਣ ਵਾਲੇ ਅਤੇ ਵੇਲਾ ਸੰਭਾਲਣ ਵਾਲੇ ਹੁੰਦੇ ਅਤੇ ਉਸ ਵਰਗਾ ਹੀ ਦ੍ਰਿੜ੍ਹ ਇਰਾਦਾ ਰਖਦੇ ਤਾਂ ਅਜ ਕਿਤਨੀਆਂ ਜਾਨਾਂ ਜ਼ਾਇਆ ਹੋਣ ਤੋਂ ਅਤੇ ਕਿਤਨੀਆਂ ਕੌਮਾਂ ਗ਼ੁਲਾਮ ਹੋਣ ਤੋਂ ਬਚ ਜਾਂਦੀਆਂ।

ਫਾਸ਼ਿਸਟ ਜ਼ੁਲਮਾਂ ਦਾ ਖ਼ਤਰਾ ਜੇਹੜਾ ਸਾਵੀਅਟ ਯੂਨੀਅਨ ਦੇ ਸਿਰ ਤੇ ਚੱਕਰ ਲਾ ਰਿਹਾ ਸੀ, ਸਟਾਲਿਨ ਦੀ ਬਾਜ਼ ਵਰਗੀ ਨਜ਼ਰ ਨੇ ਉਸ ਨੂੰ ਪਹਿਲਾਂ ਹੀ ਤਾੜ ਲਿਆ ਸੀ, ਅਤੇ ਸਾਵੀਅਟ ਕੌਮਾਂ ੧੯੧੭ ਦੀ ਇਨਕਲਾਬੀ ਜਿੱਤ ਤੋਂ ਬਾਅਦ ਇਸ ਤਰ੍ਹਾਂ ਦਾ ਜੀਵਨ ਧਾਰਨ ਕਰ ਰਹੀਆਂ ਸਨ, ਜਿਸ ਵਿਚ ਹਰ ਸ਼ਖਸ ਦਾ ਜੀਵਨ-ਟੀਚਾ ਇਤਨਾ ਉਚਾ ਹੋ ਸਕਦਾ ਹੈ, ਜੇਹੜਾ ਸਰਮਾਇਆਦਾਰ ਮੁਲਕ ਦੇ ਸਿਰਫ਼ ਅਮੀਰ ਲੋਕਾਂ ਨੂੰ ਪ੍ਰਾਪਤ ਹੈ।

ਸਾਵੀਅਟ ਵਿਚ ਜੀਵਨ ਦਾ ਸੋਸ਼ਲਿਸਟ ਨਜ਼ਾਮ ਕਾਇਮ ਹੋ ਚੁਕਾ ਸੀ। ਉਥੇ ਇਸ ਅਸੂਲ ਤੇ ਵਰਤੋਂ ਹੋ ਰਹੀ ਸੀ ਕਿ ਹਰ ਸ਼ਖ਼ਸ ਆਪਣੀ ਯੋਗਤਾ ਦੇ ਮੁਤਾਬਕ ਕੰਮ ਕਰੇ ਅਤੇ ਹਰ ਸ਼ਖ਼ਸ ਨੂੰ ਉਸਦੀ ਮਿਹਨਤ ਦਾ ਪੂਰਾ ਫਲ ਮਿਲੇ। ਸਮਾਜ ਦੇ ਹਰ ਮੈਂਬਰ ਨੂੰ ਉੱਨਤੀ ਕਰਨ ਦਾ ਪੂਰਾ ਤੇ ਬਰਾਬਰ ਦਾ ਹਕ ਹੈ ਇਸ ਵਿਚ ਇਹ ਗਲ ਪ੍ਰਗਟ ਹੈ ਕਿ ਜਿਹੜੇ ਲੋਕ ਸਭ ਤੋਂ ਚੰਗਾ ਕੰਮ ਕਰਦੇ ਹਨ, ਜੋ ਸਮਾਜ ਨੂੰ ਸਭ ਤੋਂ ਜ਼ਿਆਦਾ ਫ਼ਾਇਦਾ ਪੁਚਾਂਦੇ ਹਨ, ਉਹੀ ਸਭ ਨਾਲੋਂ ਵਧ ਇਨਾਮ ਹਾਸਲ ਕਰਦੇ ਹਨ। ਪਰ ਸਮਾਜ ਦੇ ਹਰ ਇਕ ਮੈਂਬਰ ਲਈ ਇਹ ਜ਼ਰੂਰੀ ਹੈ ਕਿ ਉਹ ਸਮਾਜਕ ਪੈਦਾਵਾਰ ਵਿਚ ਵਾਧਾ ਕਰਦਾ ਰਹੇ, ਕਿਉਂਕਿ ਇਕੱਲੇ ਇਕੱਲੇ ਦੀ ਵੀ ਤੇ ਸਾਂਝੀ ਖ਼ੁਸ਼ਹਾਲੀ ਤੇ ਸੁਖ ਚੈਨ ਦਾ ਨਿਰਭਰ ਇਸੇ ਗਲ ਤੇ ਹੈ। ਸਮਾਜ ਇਸੇ ਸਟੇਜ ਤੋਂ ਅਗੇ ਚਲ ਕੇ ਜੀਵਨ ਦੇ ਕਮਿਊਨਿਸਟ ਨਜ਼ਾਮ ਦੇ ਰਸਤੇ ਤੇ ਪੈਰ ਧਰ ਸਕਦਾ ਹੈ, ਜਿਸ

ਦਾ ਅਸੂਲ ਇਹ ਹੈ ਕਿ ਹਰ ਸ਼ਖ਼ਸ ਆਪਣੀ ਯੋਗਤਾ ਦੇ ਮੁਤਾਬਕ ਕੰਮ ਕਰੇ ਅਤੇ ਹਰ ਸ਼ਖ਼ਸ ਨੂੰ ਉਸ ਦੀਆਂ ਲੋੜਾਂ ਦੇ ਮੁਤਾਬਕ ਪਦਾਰਥ ਮਿਲਣ। ਦੌਲਤ ਦੀ ਵੰਡ ਦੇ ਇਸ ਤਰੀਕੇ ਦਾ ਰਿਵਾਜ ਤਦ ਹੀ ਪੈ ਸਕਦਾ ਹੈ ਜੇ ਪੈਦਾਵਾਰ ਬਹੁਤ ਜ਼ਿਆਦਾ ਵਧਾਈ ਜਾਏ, ਮਾਲ ਬਹੁਲਤਾ ਨਾਲ ਪੈਦਾ ਕੀਤਾ ਜਾਵੇ ਤੇ ਥੁੜ ਦਾ ਖੁਰਾ ਖੋਜ ਬਾਕੀ ਨਾ ਰਹੇ। ੧੯੪੯ ਵਿਚ ਸਟਾਲਿਨ ਨੇ ਅਠਾਰਵੀਂ ਪਾਰਟੀ ਕਾਂਗਰਸ ਦੇ ਮੌਕੇ ਕੇਂਦਰੀ ਕਮੇਟੀ ਦੇ ਸਾਹਮਣੇ ਆਪਣੀ ਰਿਪੋਰਟ ਵਿਚ ਲਿਖਿਆ ਹੈ ਕਿ ਜਿਥੇ ਤਕ ਪੈਦਾਵਾਰ ਦੇ ਫ਼ਨ ਨੂੰ ਉੱਨਤ ਕਰਨ ਅਤੇ ਸਨਅਤ ਦੀ ਉਨਤੀ ਦੀ ਰਫ਼ਤਾਰ ਦਾ ਸੰਬੰਧ ਹੈ, ਸਾਡਾ ਮੁਲਕ ਵਡੇ ਵਡੇ ਸਰਮਾਇਆਦਾਰ ਮੁਲਕਾਂ ਨਾਲੋਂ ਅਗੇ ਵਧ ਗਿਆ ਹੈ। ਇਹ ਤਾਂ ਬਹੁਤ ਚੰਗੀ ਗਲ ਹੈ, ਪਰ ਇਹ ਕਾਫ਼ੀ ਨਹੀਂ। ਸਾਡੀ ਮਾਲੀ ਹਾਲਤ ਵਿਚ ਵੀ ਉਹਨਾਂ ਨਾਲੋਂ ਅਗੇ ਵਧਣਾ ਜ਼ਰੂਰੀ ਹੈ, ਅਤੇ ਇਤਨਾ ਸੌਖਾ ਕੰਮ ਹੈ ਕਿ ਅਸੀ ਇਸ ਨੂੰ ਕਰ ਸਕਦੇ ਹਾਂ। ਜੇ ਮਾਲੀ ਤੌਰ ਤੇ ਅਸੀ ਸਰਮਾਏਦਾਰ ਮੁਲਕਾਂ ਨਾਲੋਂ ਅਗੇ ਵਧ ਜਾਈਏ ਤਾਂ ਸਾਡੇ ਮੁਲਕ ਵਿਚ ਨਿਜ਼ੀ ਲੋੜ ਦੀਆਂ ਚੀਜ਼ਾਂ ਬਹੁਲਤਾ ਵਿਚ ਪੈਦਾ ਹੋਣ ਲਗ ਜਾਣਗੀਆਂ ਤੇ ਅਸੀ ਬੜੀ ਸੌਖ ਨਾਲ ਕਮਿਊਨਿਜ਼ਮ ਦੇ ਦੂਜੇ ਦੌਰ ਵਿਚ ਪੈਰ ਰਖ ਸਕਾਂਗੇ।"

ਸਾਵੀਅਟ ਸਨਅਤ ਦੇ ਕਈ ਭਾਗਾਂ ਵਿਚ ਸਮੂਹਕ ਪੈਦਾਵਾਰ ਸਰਮਾਇਆਦਾਰ ਮੁਲਕਾਂ ਦੀ ਸਮੂਹਕ ਪੈਦਾਵਾਰ ਨਾਲੋਂ ਵਧ ਗਈ ਹੈ, ਇਹ ਇਸ ਮੁਲਕ ਦੀ ਤਾਕਤ ਦੀ ਨਿਸ਼ਾਨੀ ਹੈ, ਪਰ ਸ਼ਖ਼ਸੀ ਦੌਲਤ ਦਾ ਅੰਦਾਜ਼ਾ ਫ਼ੀ-ਕਸ (ਹਰ ਇਕ ਬੰਦੇ ਦੀ ਔਸਤ) ਪੈਦਾਵਾਰ ਰਾਹੀਂ ਹੀ ਕੀਤਾ ਜਾ ਸਕਦਾ ਹੈ। ਇਸ ਖ਼ਿਆਲ ਨਾਲ ਸਾਵੀਅਟ ਯੂਨੀਅਨ ਸਰਮਾਏਦਾਰ ਮੁਲਕਾਂ ਨਾਲੋਂ ਪਿਛੇ ਸੀ, ਕਿਉਂਕਿ ਉਨ੍ਹਾਂ ਮੁਲਕਾਂ ਵਿਚ ਦਸਤਕਾਰੀ ਸੌ ਵਰ੍ਹੇ ਪਹਿਲਾਂ ਵਧ ਫੁਲ ਚੁਕੀ ਸੀ। ਮੌਜੂਦਾ ਤਰੱਕੀ ਦੀ

ਚਾਲ ਮਾਲ ਸਾਵੀਅਟ ਦੀ ਇਹ ਘਾਟ ਪੰਦਰਾਂ ਵੀਹ ਵਰ੍ਹੇ ਵਿਚ ਦੂਰ ਹੋ ਸਕਦੀ ਸੀ, ਪਰ ਜੰਗ ਛਿੜ ਜਾਣ ਕਰ ਕੇ ਇਸ ਦਾ ਮੌਕਾ ਨਹੀਂ ਮਿਲ ਸਕਿਆ।

ਕੌਮਾਂਤਰੀ ਪਾਲਿਸੀ

ਸਾਵੀਅਟ ਕੌਮਾਂ ਜਦ ਉੱਨਤੀ ਦੀ ਇਸ ਮੰਜ਼ਿਲ ਉਤੇ ਪਹੁੰਚ ਚੁਕੀਆਂ ਸਨ ਤਾਂ ਫਾਸ਼ਿਸਟ ਲੁਟਾਏ ਢੱਠੇ ਕਲਚਰ ਦੇ ਖੰਡਰਾਂ ਵਿਚੋਂ ਉਠ ਰਹੇ ਸਨ। ਸਟਾਲਿਨ ਨੇ ਦੁਨੀਆ ਨੂੰ ਉਹਨਾਂ ਦੀ ਪਸ਼ੂ-ਹੋਂਦ ਦੀ ਖ਼ਬਰ ਕਰ ਦਿਤੀ ਸੀ ਅਤੇ ਦੁਨੀਆ ਦੀਆਂ ਅਮਨ-ਪਸੰਦ ਕੌਮਾਂ ਨੂੰ ਇਹਨਾਂ ਸਭਿਅਤਾ ਦੇ ਦੁਸ਼ਮਣਾਂ ਦੇ ਵਿਰੁਧ ਇਕਠੇ ਹੋਣ ਦਾ ਸੁਨੇਹਾ ਦਿਤਾ ਸੀ। ਜੇ ਸਰਮਾਇਆਦਾਰ ਹਕੂਮਤਾਂ ਫਾਸਿਜ਼ਮ ਦੇ ਖ਼ਿਲਾਫ਼ ਇਸ ਸੰਗਠਨ ਵਿਚ ਸ਼ਾਮਲ ਹੋਣ ਨੂੰ ਤਿਆਰ ਨਾ ਹੋਣ ਤਾਂ ਉਹਨਾਂ ਮੁਲਕਾਂ ਦੀ ਜਨਤਾ ਦਾ ਫ਼ਰਜ਼ ਸੀ ਕਿ ਉਹ ਅਜਿਹੀਆ ਹਕੂਮਤਾਂ ਕਾਇਮ ਕਰਨ, ਜਿਹੜੀਆਂ ਅਮਨ ਕਾਇਮ ਰਖਣ ਲਈ ਇਕ ਦੂਜੇ ਨਾਲ ਮਿਲਵਰਤਣ ਕਰਨ। ਪਰ ਕਿਰਤੀ ਦਲਾਂ ਵਿਚ ਘੁਸੇ ਹੋਏ ਪਿਛਾਂਹ ਖਿੱਚੂ ਆਗੂ ਇਸ ਕੰਮ ਲਈ ਵੀ ਤਿਆਰ ਨਹੀਂ ਸਨ। ਉਹ ਆਪਣੀ ਵਖਰੀ ਹੀ ਢਾਈ ਪਾ ਚਾਉਲਾਂ ਦੀ ਖਿਚੜੀ ਪਕਾਣ ਵਿਚ ਜੁਟੇ ਹੋਏ ਸਨ ਜਿਸ ਦਾ ਸਿੱਟਾ ਅਜ ਅਸੀ ਆਪਣੀਆਂ ਅਖਾਂ ਨਾਲ ਵੇਖ ਰਹੇ ਹਾਂ।

ਅਮਨ ਅਣਵੰਡਿਆ ਹੈ। (ਭਾਵ ਦੁਨੀਆ ਦੇ ਜੇ ਇਕ ਹਿੱਸੇ ਵਿਚ ਅਮਨ ਭੰਗ ਹੁੰਦਾ ਹੈ ਤਾਂ ਦੂਜੇ ਹਿੱਸੇ ਕੁਦਰਤੀ ਤੌਰ ਤੇ ਇਸ ਦਾ ਅਸਰ ਕਬੂਲ ਕਰਦੇ ਹਨ ਅਤੇ ਉਨ੍ਹਾਂ ਦਾ ਅਮਨ ਵੀ ਟੁਟ ਜਾਂਦਾ ਹੈ।) ਸਟਾਲਿਨ ਨੇ ਲਿਟੋਨੋਫ ਦੀ ਜ਼ਬਾਨੀ ਆਪਣਾ ਇਹ ਸੁਨੇਹਾ ਦੁਨੀਆਂ ਦੀਆਂ ਕੌਮਾਂ ਦੇ ਨਾਂ ਜੈਨਵਾ ਭਿਚ ਘਲਿਆ ਸੀ। ਪਰ ਸਰਮਾਇਆਦਾਰ ਹਕੂਮਤਾਂ ਨੇ ਇਸ ਤੇ ਕੰਨ ਨਾ ਧਰਿਆ ਅਤੇ ਉਹ ਇਸ ਗਲ ਲਈ ਤਿਆਰ ਨਾ

ਹੋਈਆਂ ਕਿ ਸਾਂਝੀ ਤਾਕਤ ਨਾਲ ਫਾਸ਼ਿਸਟ ਦਰਿੰਦਿਆਂ ਦਾ ਸਿਰ ਫੇਹ ਦਿਤਾ ਜਾਏ, ਉਹ ਸਗੋਂ ਹੌਲੀ ਹੌਲੀ ਛੋਟੀਆਂ ਛੋਟੀਆਂ ਰਿਆਸਤਾਂ ਨੂੰ ਉਨ੍ਹਾਂ ਦੇ ਹਵਾਲੇ ਕਰਦੇ ਰਹੇ । ਦੂਜੇ ਪਾਸੇ ਸਟਾਲਿਨ ਵਾਰ ਵਾਰ ਦੁਨੀਆ ਭਰ ਦੀ ਜਨਤਾ ਨੂੰ ਇਸ ਖ਼ਤਰੇ ਤੋਂ ਖਬਰਦਾਰ ਕਰਦਾ ਰਿਹਾ ਕਿ ਸਰਮਾਇਆਦਾਰ ਮੁਲਕਾਂ ਦੀ ਲਾਂਭੇ ਰਹਿਣ ਦੀ ਪਾਲਿਸੀ ਖਤਰਨਾਕ ਹੈ, ਪਰ ਜਦ ਉਸ ਦੀ ਸਰਬ-ਸਾਂਝੀ ਰਖਵਾਲੀ ਦੀ ਪਾਲਿਸੀ ਦੀ ਹਮਾਇਤ ਉਨ੍ਹਾਂ ਵਿਚੋਂ ਕਿਸੇ ਹਕੂਮਤ ਨੇ ਵੀ ਨਾ ਕੀਤੀ ਤਾਂ ਸਟਾਲਿਨ ਨੇ ਸਾਵੀਅਟ ਯੂਨੀਅਨ ਲਈ ਹੇਠ ਲਿਖਿਆ ਪ੍ਰੋਗਰਾਮ ਤਿਆਰ ਕੀਤਾ:—

੧. ਆਪਣੀ ਅਮਨ-ਪਸੰਦ ਪਾਲਿਸੀ ਨੂੰ ਕਾਇਮ ਰਖਣਾ ਅਤੇ ਦੂਜੇ ਮੁਲਕਾਂ ਨਾਲ ਵਪਾਰਕ ਸੰਬੰਧ ਕਾਇਮ ਕਰ ਕੇ ਇਹਨਾਂ ਸੰਬੰਧਾਂ ਨੂੰ ਮਜ਼ਬੂਤ ਕਰਨਾ ।

੨. ਹਰ ਵੇਲੇ ਖ਼ਬਰਦਾਰ ਅਤੇ ਹੁਸ਼ਿਆਰ ਰਹਿਣਾ ਤਾਂ ਜੁ ਦੁਨੀਆ ਦੇ ਲੜਾਕੇ ਟੋਲੇ ਸਾਨੂੰ ਵੀ ਆਪਣੇ ਭੇੜ ਵਿਚ ਨਾ ਖਿੱਚ ਲੈਣ; ਇਹਨਾਂ ਟੋਲਿਆਂ ਦੀ ਆਦਤ ਹੈ ਕਿ ਉਹ ਆਪਣਾ ਕੰਮ ਕੱਢਣ ਲਈ ਦੂਜਿਆਂ ਨੂੰ ਮੱਲੋ ਮੱਲੀ ਮੁਸੀਬਤ ਵਿਚ ਫਸਾ ਦੇਂਦੇ ਹਨ ।

੩. ਲਾਲ ਫ਼ੌਜ ਅਤੇ ਲਾਲ ਬੇੜੇ ਨੂੰ ਮਜ਼ਬੂਤ ਕਰਨਾ ਅਤੇ ਉਹਨਾਂ ਦੀ ਤਾਕਤ ਵਧਾਉਣੀ ।

੪. ਦੂਜੇ ਮੁਲਕਾਂ ਦੀ ਜਨਤਾ ਅਤੇ ਕਿਰਤੀ ਦਲਾਂ ਨਾਲ ਆਪਣੇ ਮਿਤ੍ਰਾਨਾ ਅਤੇ ਬਰਾਦਰਾਨਾਂ ਸੰਬੰਧਾਂ ਨੂੰ ਹੋਰ ਵੀ ਪੱਕਿਆਂ ਕਰਨਾ, ਕਿਉਂਕਿ ਇਹ ਦਲ ਦੁਨੀਆਂ ਦੀਆਂ ਕੌਮਾਂ ਵਿਚ ਮਿਤ੍ਰਤਾ ਤੇ ਅਮਨ ਦੀ ਇੱਛਾ ਰਖਦੇ ਹਨ ।

[ਮਾਰਚ ੧੯੩੯, ਪਾਰਟੀ ਕਾਂਗਰਸ ਵਿਚ ਸਟਾਲਿਨ ਦੀ ਤਕਰੀਰ]

ਏਹ ਸਟਾਲਨ ਦੀ ਲੰਮੀ ਸੋਚ ਦਾ ਸਿਟਾ ਹੀ ਹੈ ਕਿ ਜਦੋਂ ਪ੍ਰੀਖਿਆ ਦਾ ਵੇਲਾ ਆਇਆ ਤਾਂ ਸਾਰੀ ਦੁਨੀਆਂ ਵਿਚ ਸਾਵੀਅਟ ਯੂਨੀਅਨ ਹੀ ਇਕ ਅਜਿਹਾ ਮੁਲਕ ਨਿਕਲਿਆ ਜਿਸ ਨੇ ਜੰਮ ਕੇ ਦੁਸ਼ਮਣ ਦਾ ਮੁਕਾਬਲਾ ਕੀਤਾ। ਸਾਵੀਅਟ ਯੂਨੀਅਨ ਅਜ ਹਵਾਈ ਤਾਕਤ ਵਿਚ ਖੁਸ਼ਕੀ ਅਤੇ ਤਰੀ ਵਿਚ ਫਾਸ਼ਿਸਟਾਂ ਨੂੰ ਮੂੰਹ ਤੋੜ ਜੁਆਬ ਦੇ ਰਿਹਾ ਹੈ, ਉਹ ਸਨਅਤ ਵਿਚ ਫ਼ੌਜੀ ਦਾਉ ਪੇਚਾਂ ਵਿਚ ਅਤੇ ਜੰਗੀ ਤਿਆਰੀਆਂ ਵਿਚ ਬੜੀ ਬਹਾਦਰੀ ਨਾਲ ਜਰਮਨਾਂ ਦਾ ਮੁਕਾਬਲਾ ਕਰ ਰਿਹਾ ਹੈ। ਏਹ ਸਟਾਲਿਨ ਦੀ ਅਗਵਾਈ, ਲੰਮੀ ਸੋਚ ਅਤੇ ਚੰਗੇ ਇੰਤਜ਼ਾਮ ਦੀ ਬਰਕਤ ਹੈ। ਇਸ ਸੂਰਤ ਵਿਚ ਇਤਹਾਦੀਆਂ ਨੇ ਸਾਵੀਅਟ ਯੂਨੀਅਨ ਦੀ ਮਦਦ ਦਾ ਜਦ ਐਲਾਨ ਕੀਤਾ ਤਾਂ ਇਹ ਉਨ੍ਹਾਂ ਦਾ ਕੋਈ ਵਡਾ ਕਾਰਨਾਮਾ ਨਹੀਂ ਸੀ। ਇਤਿਹਾਸ ਨੇ ਉਨ੍ਹਾਂ ਦੀ ਲਾਂਭੇ ਰਹਿਣ ਦੀ ਪਾਲਿਸੀ ਨੂੰ ਖੇਰੂੰ ਖੇਰੂੰ ਕਰ ਦਿਤਾ ਸੀ, ਸਰਮਾਇਆਦਾਰ ਜਮਹੂਰਤਾਂ ਦੇ ਸਾਹਮਣੇ ਇਸ ਤੋਂ ਬਿਨਾਂ ਹੋਰ ਕੋਈ ਰਾਹ ਨਹੀਂ ਸੀ ਕਿ ਉਹ ਸਾਂਝੀ ਹਿਫ਼ਾਜ਼ਤ ਦੀ ਸਟਾਲੀਨੀ ਪਾਲਿਸੀ ਨੂੰ ਕਬੂਲ ਕਰਦੇ ਜਿਸ ਨੂੰ ਕੁਝ ਵਰ੍ਹੇ ਪਹਿਲਾਂ ਉਨ੍ਹਾਂ ਨੇ "ਬਾਲਸ਼ਵਿਕ" ਕਹਿ ਕੇ ਰੱਦ ਕਰ ਦਿਤਾ ਸੀ, ਪਰ ਇਹ ਇਤਿਹਾਸ ਦਾ ਅਟੱਲ ਫੈਸਲਾ ਸੀ, ਉਹ ਕੀ ਕਰ ਸਕਦੇ ਸਨ।

ਅੱਜ ਸਟਾਲਿਨ ਧੌਣ ਉਚੀ ਕਰਕੇ ਆਪਣੀ ਕੌਮ ਨੂੰ ਸੰਬੋਧਨ ਕਰ ਸਕਦਾ ਹੈ ਕਿ ਸਾਡੀ ਦੇਸ਼-ਰਖਿਆ ਦੀ ਜੰਗ ਯੂਰਪ ਅਤੇ ਅਮਰੀਕਾ ਦੀ ਜਨਤਾ ਦੀ ਆਜ਼ਾਦੀ ਦੀ ਜੰਗ ਨਾਲ ਮਿਲ ਜਾਏਗੀ, ਜੇਹੜੀ ਜਮਹੂਰੀ ਹਕਾਂ ਦੀ ਪ੍ਰਾਪਤੀ ਲਈ ਲੜੀ ਜਾ ਰਹੀ ਹੈ। ਅਜ ਬਰਤਾਨਵੀ ਹਕੂਮਤ ਦੇ ਨੁੰਮਾਇੰਦੇ ਇਹ ਆਖਣ ਲਈ ਮਜਬੂਰ ਹੋ ਗਏ ਹਨ ਕਿ "ਸਟਾਲਿਨ ਦੀ ਸਹਾਇਤਾ ਕਰਨੀ ਅਤਿ ਜ਼ਰੂਰੀ ਹੈ।" (ਲਾਰਡ ਬਿਓਰਬ੍ਰੁਕ – ੨੩ ਅਕਤੂਬਰ ੧੯੪੧) ਅੱਜ ਸਾਵੀਅਟ ਯੂਨੀਅਨ ਦੇ ਦੁਸ਼ਮਨਾਂ ਅਤੇ ਉਸ ਤੇ ਪੁਠੇ ਸਿਧੇ ਇਲਜ਼ਾਮ ਲਾਉਣ ਵਾਲਿਆਂ

ਮੂੰਹਾਂ ਤੇ ਮੁਹਰਾਂ ਲਗ ਗਈਆਂ ਹਨ। ਪਰ ਅਸੀਂ ਤਾਂ ਸਟਾਲਿਨ ਦੇ ਸ਼ਬਦਾਂ ਵਿਚ ਏਹੀ ਆਖ ਸਕਦੇ ਹਾਂ, "ਹਾਂ ਏਹ ਬਹੁਤ ਅੱਛਾ ਹੈ, ਪਰ ਏਹ ਕਾਫ਼ੀ ਨਹੀਂ !" "ਅਤੇ ਨਾਲ ਇਹ ਆਖ ਦੇਣਾ ਵੀ ਮੁਨਾਸਬ ਹੋਵੇਗਾ ਕਿ ਜੋ ਕੁਝ ਅਸੀਂ ਹੁਣ ਕਰਨ ਜਾ ਰਹੇ ਹਾਂ, ਉਸ ਦੇ ਮੁਕਾਬਲੇ ਵਿਚ ਇਹ ਕੁਝ ਵੀ ਨਹੀਂ।"

ਸਟਾਲਿਨ ਦੀ ਸ਼ਖਸੀਅਤ

ਸਟਾਲਿਨ ਜੋ ਡਿਕਟੇਟਰਾਂ ਨਾਲੋਂ ਵਖਰੀ ਹੀ ਸ਼ਖਸੀਅਤ ਰਖਦਾ ਹੈ, ਕਿਸ ਤਰ੍ਹਾਂ ਦਾ ਆਗੂ ਹੈ, ਅਨੇਕਾਂ ਵੇਰ ਲੋਕਾਂ ਨੇ ਇਸ ਮਹਾਨ ਸ਼ਖਸੀਅਤ ਨੂੰ ਬਦਨਾਮ ਕਰਨ ਦੀ ਕੋਸ਼ਸ਼ ਕੀਤੀ ਹੈ, ਜਿਸ ਨੇ ਬਦੇਸ਼ੀ ਯਾਤਰੂਆਂ ਨੂੰ ਵਾਰ ਵਾਰ ਕਿਹਾ ਹੈ ਕਿ ਨਹੀਂ, ਇਕੱਲੇ ਬੰਦੇ ਦੇ ਫੈਸਲੇ ਵਿਚ ਈਰਖਾ ਤੇ ਸੁਆਰਥ ਦੀ ਝਲਕ ਹੁੰਦੀ ਹੈ। ਤਿੰਨ ਇਨਕਲਾਬਾਂ ਦੇ ਤਜਰਬਿਆਂ ਤੋਂ ਅਸਾਂ ਏਹ ਸਿਖਿਆ ਹੈ ਕਿ ਇਕ ਸੌ ਇਕ ਪੁਰਖੀ ਫੈਸਲਿਆਂ ਵਿਚੋਂ ਨੱਵੇ ਗਲਤ ਹੁੰਦੇ ਹਨ ਪਰ ਜਦ ਅਸੀਂ ਜੁੜ ਕੇ ਸਾਂਝੇ ਫੈਸਲੇ ਕਰਦੇ ਹਾਂ ਤਾਂ ਸਾਡੇ ਵਿਚੋਂ ਹਰ ਸ਼ਖਸ ਨੂੰ ਇਕ ਦੂਜੇ ਦੀ ਗਲਤੀ ਨੂੰ ਪਰਖਨ ਤੇ ਉਸ ਨੂੰ ਸੁਧਾਰਨ ਦਾ ਮੌਕਾ ਮਿਲਦਾ ਹੈ। ਹਰ ਸ਼ਖਸ਼ ਦੂਜਿਆਂ ਦੀ ਸਲਾਹ ਨੂੰ ਕਸੌਟੀ ਤੇ ਪਰਖਦਾ ਹੈ। ਅੰਤ ਨੂੰ ਜਦ ਅਸੀ ਫੈਸਲਾ ਕਰਦੇ ਹਾਂ ਤਾਂ ਉਹ ਫੈਸਲੇ ਆਮ ਤੌਰ ਤੇ ਠੀਕ ਹੁੰਦੇ ਹਨ।"

ਦੁਨੀਆ ਦਾ ਕਿਹੜਾ ਆਗੂ ਹੈ, ਜਿਹੜਾ ਵੋਟ ਦੇਣ ਵਾਲਿਆਂ ਨੂੰ ਇਹ ਮਸ਼ਵਰਾ ਦੇਣ ਦੀ ਦਲੇਰੀ ਕਰੇਗਾ।

"ਵੋਟ ਦੇਣ ਵਾਲਿਆਂ ਨੂੰ ਇਹ ਹਕ ਹੈ ਕਿ ਉਹ ਆਪਣੇ ਨੁਮਾਇੰਦਿਆਂ ਨੂੰ ਉਹਨਾਂ ਦੀ ਨੁਮਾਇੰਦਗੀ ਦੀ ਮਿਆਦ ਖਤਮ ਹੋਣ ਤੋਂ ਪਹਿਲਾ ਵਾਪਸ ਬੁਲਾ ਲੈਣ ਜੇ ਉਹ ਨੁਮਾਇੰਦੇ ਆਪਣੇ ਵੋਟਰਾਂ ਨੂੰ

ਭੁਲ ਚੁਕੇ ਹਨ, ਯਾ ਉਹਨਾਂ ਦੇ ਭਾਵ ਦੀ ਨੁਮਾਇੰਦਗੀ ਨਹੀਂ ਕਰਦੇ, ਯਾ ਉਹਨਾਂ ਦੇ ਭਾਵਾਂ ਦੇ ਵਿਰੁਧ ਕੰਮ ਕਰਦੇ ਹਨ। ਇਹ ਇਕ ਨਵਾਂ ਕਾਨੂੰਨ ਹੈ। ਸਾਥੀਓ! ਨੁਮਾਇੰਦੇ ਨੂੰ ਸਦਾ ਚੇਤੇ ਰਖਣਾ ਚਾਹੀਦਾ ਹੈ ਕਿ ਉਹ ਜਨਤਾ ਦਾ ਸੇਵਕ ਹੈ, ਉਹ ਸਾਵੀਅਟ ਦੀ ਪਾਰਲੀਮੈਂਟ ਵਿਚ ਜਨਤਾ ਦਾ ਏਲਚੀ ਹੈ, ਅਤੇ ਇਸ ਹੈਸੀਅਤ ਤੋਂ ਉਸ ਨੂੰ ਜਨਤਾ ਦੀ ਹਦਾਇਤ ਦੇ ਮੁਤਾਬਕ ਸਾਵੀਅਟ ਦੀ ਪਾਰਲੀਮੈਂਟ ਵਿਚ ਕੰਮ ਕਰਨਾ ਚਾਹੀਦਾ ਹੈ।...... ਨੁਮਾਇੰਦਗੀ ਦੇ ਉਮੀਦਵਾਰ ਦੀ ਹੈਸੀਅਤ ਤੋਂ ਮੈਂ ਆਪ ਨੂੰ ਇਹੀ ਮਸ਼ਵਰਾ ਦੇ ਸਕਦਾ ਹਾਂ ਕਿ ਆਪ ਆਪਣੇ ਇਸ ਹਕ ਨੂੰ ਚੇਤੇ ਰਖੋ, ਇਸ ਹੱਕ ਨੂੰ ਕਿ ਤੁਸੀ ਆਪਣੇ ਨੁਮਾਇੰਦੇ ਨੂੰ ਉਸ ਦੀ ਮਿਆਦ ਖਤਮ ਹੋਣ ਤੋਂ ਪਹਿਲਾਂ ਹੀ ਵਾਪਸ ਬੁਲਾ ਸਕਦੇ ਹੋ। ਤੁਹਾਡਾ ਫ਼ਰਜ਼ ਹੈ ਕਿ ਤੁਸੀ ਆਪਣੇ ਨੁਮਾਇੰਦੇ ਦੇ ਹਰ ਕੰਮ ਤੇ ਤਕੜੀ ਨਿਗਰਾਨੀ ਰਖੋ ਤੇ ਜੇ ਉਹ ਠੀਕ ਰਸਤੇ ਤੋਂ ਭਟਕਣ ਲਗੇ ਤਾਂ ਉਸ ਤੋਂ ਛੁਟਕਾਰਾ ਪਾ ਲਉ ਅਤੇ ਨਵੀਂ ਚੋਣ ਦੀ ਮੰਗ ਕਰੋ......ਸਾਥੀਓ! ਮੇਰਾ ਇਹੀ ਮਸ਼ਵਰਾ ਹੈ।"

ਆਪਣੀ ਪਾਰਟੀ ਨੂੰ ਕੌਣ ਕਹਿ ਸਕਦਾ ਹੈ ਕਿ:

"ਬਾਲਸ਼ਵਿਕ ਜਦੋਂ ਤਕ ਆਪਣੀ ਅਨਗਿਣਤ ਜਨਤਾ ਨਾਲ ਗੂਹੜਾ ਸਬੰਧ ਰਖਣਗੇ, ਉਹਨਾਂ ਨੂੰ ਕੋਈ ਤਾਕਤ ਜਿਤ ਨਹੀਂ ਸਕਦੀ। ਪਰ ਜੇ ਬਾਲਸ਼ਵਿਕ ਜਨਤਾ ਨਾਲੋਂ ਆਪਣਾ ਸਬੰਧ ਤੋੜ ਲੈਣ ਅਤੇ ਉਹਨਾਂ ਤੋਂ ਵਖਰੇ ਹੋ ਕੇ ਦਫਤਰੀ ਕੰਮਾਂ ਵਿਚ ਹੀ ਉਲਝ ਜਾਣ ਤਾ ਉਹਨਾਂ ਦੀ ਸਾਰੀ ਤਾਕਤ ਖਿੰਡ ਪੁੰਡ ਕੇ ਖਤਮ ਹੋ ਜਾਏਗੀ ਅਤੇ ਉਨ੍ਹਾਂ ਦੀ ਹੈਸੀਅਤ ਇਕ ਸਿਫਰ ਦੇ ਬਰਾਬਰ ਰਹਿ ਜਾਏਗੀ। ਬਾਲਸ਼ਵਿਕ ਤਾਕਤ ਨੂੰ ਵੇਖ ਕੇ ਸਾਨੂੰ ਯੂਨਾਨੀ ਕਹਾਣੀਆਂ ਦੇ ਇਕ ਨਾਇਕ ਅੰਟਈਸ ਦਾ ਚੇਤਾ ਆ ਜਾਂਦਾ ਹੈ। ਬਾਲਸ਼ਵਿਕ ਅੰਟਈਸ ਵਾਂਗੂੰ ਹੀ ਤਾਕਤਵਰ ਹਨ ਕਿਉਂਕਿ ਉਨ੍ਹਾਂ ਦਾ ਆਪਣੀ ਜਣਨੀ ਜਨਤਾ ਨਾਲ ਸਬੰਧ ਹੁਣ ਤਕ

ਕਾਇਮ ਹੈ, ਜਿਸ ਨੇ ਬਾਲਸ਼ਵਿਕਾਂ ਨੂੰ ਜਨਮ ਦਿਤਾ ਅਤੇ ਪਾਲ ਪੋਸ ਕੇ ਤਕੜਿਆਂ ਕੀਤਾ।" ਕੀ ਜਮਹੂਰੀਅਤ ਦੀ ਇਸ ਤੋਂ ਚੰਗੇਰੀ ਵਿਆਖਿਆ ਅਤੇ ਜਮਹੂਰੀਅਤ ਦੇ ਇਸ ਤੋਂ ਵਧ ਹੱਕ ਕਿਤੇ ਮਿਲ ਸਕਦੇ ਹਨ?

ਬਾਰਬਸ ਨੇ ਸਟਾਲਿਨ ਦੀ ਰਹਿਣੀ ਬਹਿਣੀ ਦੀ ਵਿਆਖਿਆ ਇਨ੍ਹਾਂ ਸ਼ਬਦਾਂ ਵਿਚ ਕੀਤੀ ਹੈ :-

"ਉਹ ਚਾਰ ਵਜੇ ਸਵੇਰੇ ਸੌਂਦਾ ਹੈ। ਉਸ ਦੇ ਪਾਸ ਸਿਰਫ ਇਕ ਪ੍ਰਾਈਵੇਟ ਸਕੱਤ੍ਰ ਹੈ। ਉਹ ਆਪਣੇ ਖਤ ਆਪ ਲਿਖਦਾ ਹੈ ਅਤੇ ਹਰ ਖਤ ਦਾ ਜੁਆਬ ਵੀ ਦਿੰਦਾ ਹੈ। ਉਹ ਕ੍ਰੈਮਲਿਨ ਵਿਚ ਰਹਿੰਦਾ ਹੈ।" ਬਾਰਬੁਸ ਲਿਖਦਾ ਹੈ ਕਿ ਕ੍ਰੈਮਲਿਨ ਵਿਚ ਉਸ ਨੂੰ ਮਿਲਣ ਜਾਓ ਤਾਂ ਡਿਉਢੀ ਤੇ ਦੋ ਤਿੰਨ ਆਦਮੀ ਹੀ ਮਿਲਣਗੇ। ਰਿਹਾਇਸ਼ੀ ਹਿੱਸੇ ਵਿਚ ਇਕ ਨਿੱਕਾ ਜੇਹਾ ਹਾਲ, ਸੌਣ ਲਈ ਤਿੰਨ ਕਮਰੇ ਅਤੇ ਇਕ ਖਾਣ ਦਾ ਕਮਰਾ ਹੈ। ਉਸ ਦੇ ਤਿੰਨ ਬੱਚੇ ਹਨ, ਜਿਨ੍ਹਾਂ ਵਿਚੋਂ ਸਭ ਤੋਂ ਵੱਡਾ ਲਾਲ ਫੌਜ ਵਿਚ ਛੋਟੇ ਦਰਜੇ ਦਾ ਇਕ ਕਮਾਂਡਰ ਹੈ, ਉਸ ਦੀ ਪਤਨੀ ੧੯੩੪ ਵਿਚ ਮਰ ਚੁੱਕੀ ਹੈ।"

ਸਟਾਲਿਨ ਦੀ ਸ਼ੁਹਰਤ ਦਾ ਭੇਤ ਕੀ ਹੈ? ਉਸ ਨੇ ਆਪ ਦਸਿਆ ਹੈ ਕਿ "ਉਹ ਵਕਤ ਲੰਘ ਗਿਆ ਹੈ ਜਦੋਂ ਵੱਡੇ ਵੱਡੇ ਲੋਕ ਇਤਿਹਾਸ ਬਣਾਇਆ ਕਰਦੇ ਸਨ।" ਪਰ ਬਾਰਬਸ ਲਿਖਦਾ ਹੈ: "ਵੱਡਾ ਆਦਮੀ ਉਹ ਹੈ ਜੇਹੜਾ ਘਟਨਾਵਾਂ ਦੀ ਚਾਲ ਨੂੰ ਸਮਝ ਲੈਂਦਾ ਹੈ ਅਤੇ ਉਨ੍ਹਾਂ ਦੀ ਪੈਰਵੀ ਕਰਨ ਦੀ ਥਾਂ ਉਨ੍ਹਾਂ ਦੀ ਅਗਵਾਈ ਯਾ ਵਿਰੋਧਤਾ ਕਰਦਾ ਹੈ। ਉਹ ਕੋਈ ਨਵੀਂ ਧਰਤੀ ਪੈਦਾ ਨਹੀਂ ਕਰਦਾ ਸਗੋਂ ਕੋਈ ਨਾ ਮਾਲੂਮ ਜ਼ਮੀਨ ਦਰਿਆਫਤ ਕਰ ਲੈਂਦਾ ਹੈ। ਲੈਨਿਨ ਅਤੇ ਸਟਾਲਿਨ ਨੇ ਕੋਈ ਨਵਾਂ ਫਲਸਫਾ ਬਣਾਇਆ ਨਹੀਂ, ਸਗੋਂ ਘਟਨਾਵਾਂ ਦੀ ਪੜਤਾਲ ਕੀਤੀ ਹੈ। ਉਹ ਭਵਿੱਖ ਨੂੰ ਨੇੜੇ ਲੈ ਆਏ ਹਨ।"

ਸਾਵੀਅਟ ਯੂਨੀਅਨ ਵਿਚ ਸਟਾਲਿਨ ਦੇ ਲੋਕ-ਪ੍ਰਿਯ ਹੋਣ ਦਾ ਇਹੀ

ਕਾਰਣ ਹੈ, ਸਾਵੀਅਟ ਜਨਤਾ ਨੂੰ ਸਟਾਲਿਨ ਉਤੇ 'ਈਮਾਨ' ਨਹੀਂ, ਸਗੋਂ ਉਸ ਦੇ ਕੰਮਾਂ ਉਤੇ ਭਰੋਸਾ ਹੈ। ਸਟਾਲਿਨ ਕੋਈ ਜੋਸ਼ੀਲਾ ਲੈਕਚਰਾਰ ਨਹੀਂ। ਜੇਹੜੇ ਲੋਕ ਸਾਵੀਅਟ ਯੂਨੀਅਨ ਸੰਬੰਧੀ ਕੁਝ ਵੀ ਵਾਕਫੀਅਤ ਰਖਦੇ ਹਨ ਉਨ੍ਹਾਂ ਨੂੰ ਏਹ ਪੁਛਣ ਦੀ ਲੋੜ ਨਹੀਂ ਕਿ ਸਟਾਲਿਨ ਨਾਲ ਲੋਕੀ ਪਿਆਰ ਕਿਉਂ ਕਰਦੇ ਹਨ। ਸਟਾਲਿਨ ਦੀ ਕਦਰ ਅਤੇ ਕੀਮਤ ਸਾਵੀਅਟ ਦੇ ਹਰ ਬਾਸ਼ਿੰਦੇ ਉਤੇ ਉਸ ਦੇ ਤਜਰਬੇ ਦੇ ਆਧਾਰ ਤੇ ਸਾਬਤ ਹੋ ਚੁੱਕੀ ਹੈ।

੧੯੪੦ ਤਕ ਸਟਾਲਿਨ ਸਾਵੀਅਟ ਯੂਨੀਅਨ ਦੀ ਵਜ਼ਾਰਤ ਵਿਚ ਨਹੀਂ ਸੀ ਆਇਆ। ਉਹ ਸਾਵੀਅਟ ਯੂਨੀਅਨ ਦੀ ਕਮਿਊਨਿਸਟ ਪਾਰਟੀ ਦਾ ਜੈਨਰਲ ਸੈਕਟਰੀ ਸੀ। ੧੯੩੭ ਵਿਚ ਸਾਵੀਅਟ ਪਾਰਲੀਮੈਂਟ ਦਾ ਮੈਂਬਰ ਚੁਣਿਆ ਗਿਆ, ਅਤੇ ਜਦ ੧੯੪੧ ਵਿਚ ਫ਼ਾਸ਼ਿਸਟ ਤੂਫਾਨ ਦੀਆਂ ਨਿਸ਼ਾਨੀਆਂ ਨਜ਼ਰ ਆਉਣ ਲਗੀਆਂ ਤਾਂ ਉਹ 'ਕੌਂਸਲ ਆਫ਼ ਪੀਪਲਜ਼ ਕਮੀਸਾਰ' ਦਾ ਚੇਅਰਮੈਨ ਚੁਣਿਆ ਗਿਆ। ਇਹ ਔਹਦਾ ਵਜ਼ੀਰ ਆਜ਼ਮ (ਮਹਾਂ ਮੰਤ੍ਰੀ) ਦੇ ਬਰਾਬਰ ਹੈ। ਇਸ ਦੇ ਨਾਲ ਹੀ ਉਹ ਦੇਸ਼-ਰਖਿਆ ਦੇ ਕੰਮਾਂ ਦਾ ਵਜ਼ੀਰ ਅਤੇ ਰਿਆਸਤ-ਰਖਿਆ ਦੀ ਕਮੇਟੀ ਦਾ ਪ੍ਰਧਾਨ ਨੀਅਤ ਹੋਇਆ। ਸਾਵੀਅਟ ਕੌਮਾਂ ਨੇ ਇਸ ਇਕੱਲੇ ਆਦਮੀ ਨੂੰ ਲੈਨਿਨ ਵਾਂਗੂੰ ਹੀ ਇਕ ਵੇਰ ਫਿਰ ਆਪਣੀ ਇਨਕਲਾਬੀ ਰਿਆਸਤ ਦੀ ਰਖਿਆ ਦੇ ਕੰਮ ਤੇ ਨੀਅਤ ਕੀਤਾ ਅਤੇ ਉਹ ਮੋਰਚਾ ਉਸ ਦੇ ਸਪੁਰਦ ਕੀਤਾ ਜਿੱਥੇ ਤਰੱਕੀ-ਪਸੰਦ ਮਨੁੱਖਤਾ ਨੂੰ ਸਭ ਤੋਂ ਵਡੇ ਖ਼ਤਰੇ ਦਾ ਸਾਹਮਣਾ ਕਰਨਾ ਪਿਆ ਹੈ।

ਕੇਹੜਾ ਨਹੀਂ ਜਾਣਦਾ ਕਿ ਅਜ ਸਾਵੀਅਟ ਯੂਨੀਅਨ ਦੇ ਲੜਾਈ ਦੇ ਮੈਦਾਨ ਵਿਚ ਮਨੁੱਖ ਦੀ ਤਕਦੀਰ ਦਾ ਫ਼ੈਸਲਾ ਹੋ ਰਿਹਾ ਹੈ? ਕੇਹੜਾ ਇਸ ਗੱਲ ਤੋਂ ਵਾਕਫ਼ ਨਹੀਂ ਕਿ ਸਾਵੀਅਟ ਫ਼ਰੰਟ ਦੁਨੀਆ ਭਰ ਦਾ ਫ਼ੈਸਲਾ ਕੁਨ ਫਰੰਟ ਹੈ? ਸਟਾਲਿਨ ਦੀ ਬਹਾਦਰੀ ਤੇ ਦਲੇਰੀ, ਸਟਾਲਿਨ ਦੀ

ਸਿਆਣਪ ਅਤੇ ਤੀਖਣ ਬੁਧੀ ਅਤੇ ਸਟਾਲਿਨ ਦੇ ਦ੍ਰਿੜ੍ਹ ਇਰਾਦੇ ਨੂੰ ਦੇਖ ਕੇ ਅੱਜ ਕਿਸ ਦੇ ਦਿਲ ਨੂੰ ਧੀਰਜ ਨਹੀਂ ਆਉਂਦਾ ? ਬਾਰਬਸ ਨੇ ਠੀਕ ਆਖਿਆ ਹੈ :

"ਤੁਹਾਡੀ ਤਕਦੀਰ ਦੇ ਅਤਿ ਚਾਨਣੇ ਪਹਿਲੂ ਉਸ ਆਦਮੀ ਦੀ ਰਖਿਆ ਦੇ ਹਥ ਹੇਠ ਹਨ, ਜਿਹੜਾ ਤੁਹਾਡੇ ਲਈ ਕੰਮ ਕਰਦਾ ਹੈ, ਜਿਸ ਦਾ ਦਿਮਾਗ਼ ਵਿਦਵਾਨ ਅਤੇ ਵਿਚਾਰਵਾਨ ਹੈ, ਜਿਸ ਦੀ ਸ਼ਕਲ ਮਜ਼ਦੂਰਾਂ ਦੀ ਅਤੇ ਜਿਸ ਦੀ ਪੁਸ਼ਾਕ ਸਿਪਾਹੀਆਂ ਦੀ ਹੈ।"

●

ਰੂਸੀ ਕਿਸਾਨ ਦਾ ਗੀਤ

★

ਮੈਨੂੰ ਨਿੱਘਾ ਤੇ ਸੁਤੰਤ੍ਰ ਸਾਹ ਆਉਂਦਾ ਹੈ,
ਜਦੋਂ ਮੈਂ ਆਪਣੀ ਸੁੱਕੀ ਧਰਤੀ ਵਿਚ ਹਲ ਫਿਰਦਾ ਵੇਖਦਾ ਹਾਂ।
ਜਦੋਂ ਪਾਣੀ ਕਪਾਹ ਦੇ ਖੇਤਾਂ ਵਿਚ ਵਗਦਾ ਹੈ,
ਜਾਂ ਮੈਂ ਕੋਈ ਮੁਕੰਮਲ ਹੋਇਆ "ਡੈਮ" ਵੇਖਦਾ ਹਾਂ,
ਤੇ ਜਦੋਂ ਮੈਂ ਉਹਨਾਂ ਨੂੰ ਵੇਖਦਾ ਹਾਂ ਜਿਹੜੇ ਮੇਰੇ ਨਾਲ
ਨਵੇਂ ਜੀਵਨ ਲਈ ਜਤਨ ਕਰਦੇ ਹਨ।
ਮੈਂ ਏਡਾ ਖੁਸ਼ ਹੁੰਦਾ ਹਾਂ ਜੇਡਾ ਇਕ ਪਿਓ ਆਪਣੇ ਪੁਤ੍ਰ ਨੂੰ ਵੇਖ ਕੇ।
ਮੈਂ ਇਹ ਕਹਿਣੋਂ ਨਹੀਂ ਰੁਕ ਸਕਦਾ:
"ਜੀਉ ਆਇਆਂ ਨੂੰ, ਨਵੇਂ ਆਦਮੀਓਂ।"
ਜਦੋਂ ਮੈਂ ਆਪਣੇ ਪੁਤ੍ਰ ਨੂੰ ਖੇਤਾਂ ਵਿਚ ਮਸ਼ੀਨ ਚਲਾਂਦਿਆਂ ਵੇਖਦਾ ਹਾਂ।
ਜਦੋਂ ਮੈਂ ਵੇਖਦਾ ਹਾਂ ਮਸ਼ੀਨੀ ਹਲ ਧਰਤੀ ਨੂੰ ਚੀਰਦਾ
ਜੜ੍ਹਾਂ ਪੁਟਦਾ ਜਾਂਦਾ ਹੈ,
ਮੈਂ ਇਹ ਆਖਣੋਂ ਨਹੀਂ ਰਹਿ ਸਕਦਾ:
"ਮਿਹਨਤ ਕਰਨ ਵਾਲੇ ਜ਼ਿੰਦਾ ਬਾਦ।"
ਜਦੋਂ ਮੈਨੂੰ ਡਰਾਇਆ ਜਾਂਦਾ ਹੈ: 'ਪੁਰਾਣੀ ਦੁਨੀਆਂ ਫੇਰ ਆ ਜਾਏਗੀ।'
ਮੈਂ ਡਿਗ ਪੈਂਦਾ ਤੇ ਡਰ ਨਾਲ ਜੰਮ ਜਾਂਦਾ ਹਾਂ।
ਸਾਥੀ, ਮੈਨੂੰ ਬੰਦੂਕ ਦੇਹ ਤੇ ਥੋੜੀਆਂ ਜਿਹੀਆਂ ਗੋਲੀਆਂ,
ਮੈਂ ਲੜਣ ਜਾਵਾਂਗਾ, ਮੈਂ ਆਪਣੀ ਧਰਤੀ ਦੀ ਹਿਫਾਜ਼ਤ ਕਰਾਂਗਾ
ਆਪਣੀ ਸੋਵੀਅਟ ਧਰਤੀ ਦੀ।